# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥
ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ ॥

[ਆਸਾ ਮਹਲਾ ੩, ਪੰਨਾ ੪੨੯-੩੦]

## ਸਚੈ ਮਾਰਗਿ ਚਲਦਿਆ
## ਉਸਤਤਿ ਕਰੇ ਜਹਾਨੁ

ਫ਼ਰਵਰੀ ੧੯੮੧

www.AKJ.Org

# ਤ ਤ ਕ ਰਾ


| | | |
|---|---|---|
| ਸਾੜ ਕਰੀਜੈ ਗੁਣਹ ਕੇਰੀ | ਸੂਹੀ ਛੰਤ ਮਹਲਾ ੧ | ੩ |
| ਖਾਲਸਾ ਜੀ ਦੇ ਬੋਲ ਬਾਲੇ | ਐਡੀਟੋਰੀਅਲ | ੪ |
| ਬੈਕੁੰਠ ਤੇ ਬੈਕੁੰਠ-ਵਾਸ ਦਾ ਨਿਰਣਾ | ਭਾ: ਸਾ: ਭਾਈ ਰਣਧੀਰ ਸਿੰਘ | ੬ |
| ਹਵਾਈ ਸਫ਼ਰ ਸਮੇਂ ਕਿਰਪਾਨ ਦੀ ਆਜ਼ਾਦੀ | — — — | ੯ |
| ਭੂਲੀ ਠਉਰ ਨ ਕਾਇ | ਮਾਸਟਰ ਜੁਗਿੰਦਰ ਸਿੰਘ ਬੜੂੰਦੀ | ੧੦ |
| *ਗੁਰੂ ਗੋਬਿੰਦ ਸਿੰਘ ਜੀ ਅਤੇ ਦੇਵੀ-ਪੂਜਾ | ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ. | ੧੪ |
| ਕੀਰਤਨ ਸਹਿਜ ਅਨੰਦ ਦਾ ਸ਼ਾਂਤ-ਸੋਮਾ (ਕਵਿਤਾ) | ਮਾਸਟਰ ਮਾਘ ਸਿੰਘ ਜੀ | ੨੧ |
| ਮਹਲਾ ੫ ਗਾਥਾ (ਅਰਥ ਵਿਚਾਰ) ਦੂਜੀ ਕਿਸ਼ਤ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨੨ |
| ਗੁਰਬਾਣੀ ਦਾ ਕੀਰਤਨ | ਭਾਈ ਬਲਵੰਤ ਸਿੰਘ ਜੀ ਖਾਲਸਾ | ੨੬ |
| ਲੇਖਾ ਨਿਬੜੇ ਨਾ, ਫੇਰ ਪਿਆ ਪਛਤਾਵੇਂ (ਕਵਿਤਾ) | ਗਿ: ਸਰੂਪ ਸਿੰਘ ਦਰਵੇਸ਼ | ੨੮ |
| ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ (੨੯) | ਕੈਪਟਨ ਸਵਰਨ ਸਿੰਘ ਜੀ | ੨੯ |
| ਜਿਉ ਜਾਨਹ ਤਿਉ ਰਾਖੁ | ਭਾਈ ਮਨਮੋਹਨ ਸਿੰਘ ਜੀ ਬਲ | ੩੬ |
| ਸ਼ਰੋਮਣੀ ਕਮੇਟੀ ਦੇ ਧਿਆਨ ਯੋਗ | 'ਸੂਰਾ' ਪਰਵਾਰ | ੩੭ |
| ਨਾਮ ਬਾਣੀ ਦੁਆਰਾ ਇਲਾਜ–ਸੋਦਾ ਪੱਤਰ | ਡਾਕਟਰ ਹਰਚਰਨ ਸਿੰਘ ਜੀ | ੩੮ |
| ਜੋਗੀ ਹਰਭਜਨ ਸਿੰਘ ਵਲੋਂ ਅਫ਼ਸੋਸ ਤੇ ਮੁਆਫ਼ੀ | — — — | ੪੦ |
| ਜਥੇਦਾਰ ਮਹਾਂ ਸਿੰਘ ਜੀ | ਭਾਈ ਕੁਲਵੰਤ ਸਿੰਘ ਜੀ ਪਰਦੇਸੀ | ੪੧ |


*ਪ੍ਰੋ: ਸਾਹਿਬ ਸਿੰਘ ਜੀ ਦੀ ਛਪ ਰਹੀ ਪੁਸਤਕ "ਬਬਾਣੀਆਂ ਕਹਾਣੀਆਂ" ਵਿਚੋਂ ਇਹ ਲੇਖ ਦਿਤਾ ਗਿਆ ਹੈ।

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ


| | | |
|---|---|---|
| ਸ: ਦੀਦਾਰ ਸਿੰਘ ਡਾਲਟਨ | ... ... ... | 100-00 |
| ਭਾ: ਗੁਰਦੀਪ ਸਿੰਘ ਬੀਬੀ ਸਤਵੰਤ ਕੌਰ | ਸ੍ਰੀ ਅਖੰਡਪਾਠ ਦੇ ਭੋਗ ਸਮੇਂ | 100-00 |
| ਸ. ਸੋਹਨ ਸਿੰਘ ਨਵੀਂ ਦਿੱਲੀ | ਬੀਬੀ ਮਨਮੋਹਨ ਕੌਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 31-00 |
| *Cpl.* ਦਰਸ਼ਨ ਸਿੰਘ ਅਲਾਹਾਬਾਦ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | 11-00 |
| ਸ: ਮਨਮੋਹਨ ਸਿੰਘ ਬੱਲ ਬੁਤਾਲਾ | ... ... ... | 10-00 |
| ਸ: ਪ੍ਰੀਤਮ ਸਿੰਘ *I. P.* ਲੁਧਿਆਣਾ | ... ... ... | 10-00 |
| ਸ: ਜਸਵੰਤ ਸਿੰਘ ਹਰਭਜਨ ਸਿੰਘ ਜਲੰਧਰ | ... ... ... | 21-00 |
| ਸ੍ਰੀਮਤੀ ਪੁਸ਼ਪ ਲਤਾ ਸੋਨੀ ਦਾਰਾਪੁਰ | ... ... ... | 5-00 |
| ਸ: ਹਰੀ ਸਿੰਘ ਸਫਾਤ–ਕੁਵੈਤ | 'ਸੂਰਾ' ਦੀ ਚੜ੍ਹਦੀ ਕਲਾ ਤੇ ਗੁਰਮਤਿ ਟਰੈਕਟਾਂ ਲਈ | 1802-00 |
| ਸ: ਕਿਸ਼ਨ ਸਿੰਘ ਗੈਹਲ ਹੁਸ਼ਿਆਰਪੁਰ | 'ਸੂਰਾ' ਦੀ ਪ੍ਰਫੁਲਤਾ ਲਈ | 480-00 |
| ਸ: ਰੇਸ਼ਮ ਸਿੰਘ ਮਠਾਰੂ ਝੱਜ | ਛੋਟੇ ਵੀਰ ਮੰਗਲ ਸਿੰਘ ਦੀ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ | 450-00 |
| ਗੁਪਤ ਦਾਨ | ... ... ... | 11-00 |
| ਸ: ਇਕਬਾਲ ਸਿੰਘ ਸਾਰਾ ਵੈਨਕੋਵਰ–ਕੈਨੇਡਾ | 'ਸੂਰਾ' ਦੀ ਚੜ੍ਹਦੀ ਕਲਾ ਲਈ | 500-00 |
| ਸ: ਹਰਬਖਸ਼ ਸਿੰਘ ਸਰਾਏ *U. K.* | ... ... ... | 37-20 |
| ਸਰਦਾਰਨੀ ਕਰਨਲ ਅਨੰਤ ਸਿੰਘ ਅੰਮ੍ਰਿਤਸਰ | ਚੜ੍ਹਾਵਾ ਸ੍ਰੀ ਅਖੰਡਪਾਠ | 34-15 |

ਵਾਹਿਗੁਰੂ ਸਭ ਵੀਰਾਂ ਭੈਣਾਂ ਨੂੰ ਗੁਰਸਿਖੀ ਸਿਦਕ ਤੇ ਚੜ੍ਹਦੀਆਂ ਕਲਾ ਬਖਸ਼ਣ।


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨. ੨. ੮੧ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ : 51847


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





| | |
|---|---|
| ਸਲਾਨਾ ਚੰਦਾ | ੧੦-੦੦ |
| ਇਕ ਪਰਚਾ | ੧-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੧੮-੫੦ |

ਹਵਾਈ ਡਾਕ

| | |
|---|---|
| ਅਰਬ, ਮਲਾਇਆ | ੩੫-੦੦ |
| ਯੂ. ਕੇ, ਅਫਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫-੦੦ |



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੫ ਫਰਵਰੀ ੧੯੮੧ ਅੰਕ ੨


## ਸਾਝ ਕਰੀਜੈ ਗੁਣਾ ਕੇਰੀ

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥

[ਸੂਹੀ ਛੰਤ ਮਹਲਾ ੧, ਪੰਨਾ ੭੬੫–੬੬




www.AKJ.Org

ਐਡੀਟੋਰੀਅਲ–

ਧਰਮ ਜੈਕਾਰ ਕਾਰ

# ਖਾਲਸਾ ਜੀ ਦੇ ਬੋਲ ਬਾਲੇ

ਅਤੇ

# ਸਾਡੇ ਕਰਤੱਵ

"ਧਰਮੁ ਪੰਥੁ ਧਰਿਓ ਧਰਨੀਧਰ ਆਪਿ" ਦੇ ਮਹਾਂ ਵਾਕ ਅਨੁਸਾਰ ਧਰਮ ਦਾ ਪੰਥ, ਧਰਮ ਦੇ ਪਾਂਧੀਆਂ ਦਾ ਪੰਥ, ਧਰਮ ਦੇ ਰਾਹ ਤੇ ਚਲ ਕੇ ਜੀਵਨ-ਯਾਤਰਾ ਸਫਲ ਕਰਨ ਵਾਲਾ ਪੰਥ–ਇਹ ਪੰਥ ਚਲਾਇਆ ਅਕਾਲ ਪੁਰਖ ਨੇ ਸਤਿਗੁਰਾਂ ਦੁਆਰਾ।

ਸਤਿਗੁਰੂ ਦਾ ਸੱਚਾ ਪੰਥ ਉਹ ਹੀ ਹੈ ਜਿਸ ਦੀ ਰਹਿਣੀ ਬਹਿਣੀ ਕਹਿਣੀ ਸਹਿਣੀ ਵਿਚੋਂ ਧਰਮ ਰੂਪਮਾਨ ਹੁੰਦਾ ਹੈ। ਅਜਿਹਾ ਪੰਥ ਸਦਾ ਗੌਰਵਸ਼ੀਲ, ਅਣਖੀਲਾ, ਨਿਮਰਤਾ ਵਾਲਾ, ਪੂਰੇ ਰੋਅਬ ਵਾਲਾ, ਪਰ ਸਭ ਕੁਝ ਹੁੰਦਿਆਂ ਸੁੰਦਿਆਂ ਨਿਮਾਣਾ ਸੇਵਕ, ਨਾਮ-ਅਭਿਆਸੀ, ਕਿਰਤੀ, ਗ੍ਰਿਹਸਤੀ, ਦਸਵੰਧ ਦੇ ਕੇ ਛਕਣ ਵਾਲਾ, ਧਰਮੀ, ਦੀਨ ਦੁਖੀ ਦੀ ਰਾਖੀ ਲਈ ਜੂਝ ਮਰਨ ਵਾਲਾ ਸੰਤ-ਸਿਪਾਹੀ।

ਅੱਜ ਕੁਝ ਖ਼ੁਦਗਰਜ਼ ਲੋਕਾਂ ਨੇ ਆਪਣੇ ਮਾਇਕ ਕਾਰਜ ਸਿਧ ਕਰਨ ਲਈ ਧਰਮ ਦੀ ਆੜ ਲੈ ਰਖੀ ਹੈ। ਧਰਮ ਦੇ ਨਾਮ ਨੂੰ, ਸਚੀ ਸੁਚੀ ਗੁਰਸਿਖ ਰਹਿਣੀ ਨੂੰ ਆਪਣੀਆਂ ਨੀਵੀਆਂ ਕਰਤੂਤਾਂ ਕਰਕੇ ਬਦਨਾਮ ਕਰ ਰਖਿਆ ਹੈ। "ਪੰਥੁ" ਨਾਮ ਦੇ ਉਜਲ ਤੇ ਨਿਰਮਲ ਸਰੂਪ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਕਰੂਪ ਅਤੇ ਹਾਸੋ-ਹੀਣਾ ਬਣਾ ਛਡਿਆ ਹੈ। ਖਾਲਸਾ ਪੰਥ ਅੰਦਰ ਅਕਾਲੀ ਫੂਲਾ ਸਿੰਘ ਵਰਗੇ, ਹਰੀ ਸਿੰਘ ਨਲੂਏ ਵਰਗੇ, ਬਾਬਾ ਦੀਪ ਸਿੰਘ ਵਰਗੇ, ਸ: ਸ਼ਾਮ ਸਿੰਘ ਅਟਾਰੀ ਵਰਗੇ ਗੁਰਸਿਖ ਯੋਧੇ ਹੋਏ ਹਨ, ਜਿਨ੍ਹਾਂ ਆਪਣੀ ਜ਼ਿੰਦਗੀ ਦਾ ਬਹੁਤ ਵਡਾ ਹਿੱਸਾ, ਪੰਥ ਲਈ ਤੇਗਾਂ ਮਾਰਦਿਆਂ ਗੁਜ਼ਾਰਿਆ ਅਤੇ ਅੰਤ ਨੂੰ ਪੰਥ ਦੀ ਆਨ-ਸ਼ਾਨ ਲਈ ਜਾਨਾਂ ਵਾਰੀਆਂ। ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਉਹ ਖਾਲਸਾ ਰਾਜ ਲਈ ਲੜੇ, ਪਰ ਉਨ੍ਹਾਂ ਹੱਥਾਂ ਨੇ ਹੱਥੋਂ ਸਿਮਰਨਾ ਸੁੱਟ ਕੇ ਤੇਗ ਨਹੀਂ ਸੀ ਫੜੀ, ਸਗੋਂ ਨਾਮ-ਸਿਮਰਨ ਦੁਆਰਾ ਪ੍ਰਚੰਡ ਕੀਤੀ ਖਾਲਸਈ ਸਪਿਰਟ ਦੇ ਆਸਰੇ ਵਡੇ ਵਡੇ ਖਾਨਾਂ ਬਹਾਦਰਾਂ ਦੇ ਸਿਰ ਖਾਲਸੇ ਦੇ ਚਰਨਾਂ ਤੇ ਲਿਆ ਝੁਕਾਏ। ਜਿੱਤਾਂ ਜਿਤ ਕੇ ਭੀ ਆਪਣੀਆਂ ਨਹੀਂ, ਖਾਲਸਾ ਪੰਥ ਦੀਆਂ ਜਿੱਤਾਂ ਹੀ ਕਹੀਆਂ।

ਇਹੋ ਜਿਹੇ ਜੀਵਨਾਂ ਦੀ ਲੋੜ ਹੈ ਅੱਜ, ਤਾਂ ਹੀ ਧਰਮ ਤੇ ਪੰਥ ਦੀ ਸੇਵਾ ਕੀਤੀ ਜਾ ਸਕਦੀ ਹੈ। ਨਹੀਂ ਤਾਂ ਧਰਮ ਨਾਲ ਧ੍ਰੋਹ ਹੈ, ਪੰਥ ਨਾਲ ਦਗਾ ਹੈ।

ਅੱਜ ਸਾਡੀ ਪ੍ਰਮੁਖ ਮੰਗ ਹੈ, "ਸਾਨੂੰ ਰਾਜ ਚਾਹੀਦਾ ਹੈ"। ਜੀ ਸਦਕੇ ਲਓ ਰਾਜ। ਰਾਜ ਮਾੜਾ ਕੌਣ ਆਖਦਾ ਹੈ? ਪਰ ਜੇ ਸ: ਕਪੂਰ ਸਿੰਘ ਦੀ ਤਰ੍ਹਾਂ ਖਾਲਸਾ ਸੰਗਤ ਦੇ ਜੋੜਿਆਂ ਨਾਲ ਛੁਹਾ ਕੇ ਨਵਾਬੀ ਕਬੂਲ ਕੀਤੀ ਜਾਵੇ। ਜੇ ਇਸ ਦੇ ਉਲਟ ਆਪਣੀਆਂ ਸੀਟਾਂ-ਕੁਰਸੀਆਂ ਲਈ ਪੰਥ ਦੀ ਨਿਰਮਲ ਹਸਤੀ ਉਪਰ ਖੇਹ ਉਡਾ ਉਡਾ ਪਾਉਣੀ ਹੈ ਅਤੇ ਜਗ-ਹਸਾਈ ਕਰਵਾ ਕੇ ਸਿਖਾਂ ਨੂੰ ਮੂਰਖ ਅਤੇ ਅਕਲ ਤੋਂ ਥੋਥੇ ਅਖਵਾਉਣਾ ਹੈ ਤਾਂ ਅਸੀਂ ਗੁਰੂ ਕੇ ਅਤੇ ਪੰਥ ਦੇ ਦੇਣਦਾਰ ਬਣੇ।

ਇਹ ਖ਼ੁਦਗਰਜ਼ੀ ਅਤੇ ਆਪ-ਹੁਦਰੇਪਣ ਦਾ ਬੁਖ਼ਾਰ ਉਤਾਰੀਏ, ਆਪਣੀ ਸੁਰਤ ਗੁਰੂ ਦੇ ਚਰਨਾਂ ਵਿਚ ਲਿਆਵੀਏ, ਤਾਂ ਜੁ ਬੁਰਾ ਭਲਾ ਪਛਾਣਨ ਵਾਲੀ ਸੁਮੱਤ ਆਵੇ। ਫਿਰ ਧਰਮ ਦੇ ਮਾਰਗ ਤੇ ਚਲੀਏ, ਤਾਂ ਜੁ ਸਤਿਗੁਰਾਂ ਦਾ ਹੱਥ ਸਿਰ ਤੇ ਆਏ। ਤਾਂ ਹੀ ਕੁਝ ਬਣ ਸਕਦਾ ਹੈ। ਅੱਜ ਦੇ ਹਾਲਾਤ ਇਤਨੇ ਵਿਗੜ ਚੁਕੇ ਹਨ ਕਿ ਦਲਦਲ ਵਿਚ ਫਸੇ ਬੰਦੇ ਦੀ ਤਰ੍ਹਾਂ, ਇਸ ਕਲੇਸ਼ ਦੀ ਦਲਦਲ ਵਿਚ ਜਿੰਨੇ ਜ਼ੋਰ ਨਾਲ ਹੱਥ ਪੈਰ ਮਾਰਦੇ ਹਾਂ, ਹੋਰ ਨਿਘਰਦੇ ਜਾਂਦੇ ਹਾਂ। ਅੱਜ ਪਰਸਪਰ ਲੜਾਈ, ਕਲੇਸ਼, ਧੜੇਬਾਜ਼ੀ ਵਿਚ ਉਲਝੇ ਹੋਇਆਂ ਦੀ



www.AKJ.Org

ਸਾਡੀ ਹਾਲਤ ਤਰਸ-ਜੋਗ ਹੈ :–

ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥੨॥੨੬॥ (ਮ: ੩, ਪੰਨਾ ੩੧੪)

ਇਸ ਤਰ੍ਹਾਂ ਆਪਣਾ ਜਾਂ ਪੰਥ ਦਾ ਕੀ ਸੰਵਰ ਸਕਦਾ ਹੈ ? ਜੇ ਅੱਜ ਇਹ ਨਹੀਂ ਸੋਚਣਾ ਤਾਂ ਹੋਰ ਕਿਹੜਾ ਵੇਲਾ ਉਡੀਕਣਾ ਹੈ ?

ਹਰ ਸਿਆਣਾ ਬੰਦਾ ਆਪਣੀਆਂ ਪਿਛਲੀਆਂ ਗਲਤੀਆਂ ਤੋਂ ਅਗੋਂ ਲਈ ਸਬਕ ਲੈਂਦਾ ਹੈ, ਨਹੀਂ ਤਾਂ ਉਹ ਆਪਣੀ ਮੂੰਹ-ਜ਼ੋਰੀ ਨਾਲ ਮੁੜ ਮੁੜ ਟਕਰਾਂ ਖਾਂਦਾ ਹੈ। ਸਾਨੂੰ ਅੱਜ ਉਨ੍ਹਾਂ ਪਿਛਲੇ ਦਿਨਾਂ ਤੇ ਜ਼ਰੂਰ ਡੂੰਘੀ ਵਿਚਾਰ ਕਰਨੀ ਚਾਹੀਦੀ ਹੈ ਜਦੋਂ ਅਸੀਂ ਰਾਜ-ਭਾਗ ਵਿਚ ਤਕੜੇ ਹਿੱਸੇਦਾਰ ਸਾਂ, ਉਦੋਂ ਅਸੀਂ ਕੀ ਚੰਗਾ ਕੀਤਾ ਤੇ ਕੀ ਗਲਤ ? ਚੰਗਾ ਉਸ ਨੂੰ ਹੀ ਮੰਨਾਂਗੇ ਜਿਸ ਨਾਲ ਧਰਮ ਦੇ ਹਰ ਖੇਤਰ ਵਿਚ ਉਨਤੀ ਹੋਈ, ਬੁਰਿਆਈ ਘਟੀ, ਚੰਗਿਆਈ ਵਧੀ। ਜਾਂ ਕੌਮ ਦਾ ਭਲਾ ਤੇ ਉਸਾਰੂ ਪਾਸਾ ਪ੍ਰਫੁਲਤ ਹੋਇਆ। ਇਹ ਕੌੜੀ ਸੱਚਾਈ ਹੈ ਕਿ ਜੋ ਸਮਾਂ ਸਾਨੂੰ ਮਿਲਿਆ ਸੀ, ਉਸ ਨੂੰ ਅਸੀਂ ਠੀਕ ਲਾਭਵੰਦੇ ਤਰੀਕੇ ਨਾਲ ਨਹੀਂ ਸੰਭਾਲਿਆ। ਕੌਮੀ ਮੁਫਾਦ ਦੀ ਬਜਾਏ ਧੜੇਬੰਦੀ ਦਾ ਹਿਤ ਹੀ ਨਿਸ਼ਾਨਾ ਰਖਿਆ, ਤੇ ਪੰਥਕ ਹਿਤਾਂ ਨੂੰ ਨਜ਼ਰੋਂ ਉਹਲੇ ਹੀ ਰਖਿਆ।

ਜਦੋਂ ਸਾਡੇ ਕੋਲ ਰਾਜ ਨਹੀਂ ਹੁੰਦਾ ਤਾਂ ਅਸੀਂ ਪੱਕੇ ਸਿਖ ਬਣ ਕੇ ਸਿੱਖੀ ਨੂੰ ਹੀ ਰਾਜਨੀਤਕ ਮੋਰਚਿਆਂ ਲਈ ਵਰਤਦੇ ਹਾਂ। ਪਰ ਜਦੋਂ ਰਾਜ ਮਿਲ ਜਾਏ ਤਾਂ ਜੇ ਕੋਈ ਜਾ ਕੇ ਸਿੱਖੀ ਦੇ ਕਿਸੇ ਭੀ ਕਾਰਜ ਲਈ ਬੇਨਤੀ ਕਰੇ ਜਾਂ ਕਿਸੇ ਸਟੇਜ ਤੇ ਗੱਲ ਕਰੇ ਤਾਂ ਵਜ਼ੀਰ ਸਾਹਿਬ ਟੁਟ ਕੇ ਪੈ ਜਾਂਦੇ ਹਨ, "ਭਾਈ, ਇਹ ਸੈਕਿਉਲਰ ਸਟੇਟ ਹੈ, ਕੋਈ ਖਾਲਸਾ ਰਾਜ ਨਹੀਂ" ਇਸ ਲਈ ਅਸੀਂ ਸਿੱਖੀ ਦੀ ਗੱਲ ਨਹੀਂ ਕਰ ਸਕਦੇ। ਭਲਾ ਦਸੋ, ਜੇ ਕੋਈ ਧਰਮ ਦੇ ਹਿਤ ਦੀ ਗੱਲ ਹੀ ਨਹੀਂ ਸੁਣ ਸਕਦਾ ਤਾਂ ਫਿਰ ਪੰਥਕ ਮਨਿਸਟਰੀ ਦੇ ਫੋਕੇ ਦਾਅਵਿਆਂ-ਦਮਗਜਿਆਂ ਦਾ ਕੀ ਅਰਥ ?

ਅਸੀਂ ਬਗ਼ੈਰ ਰਾਜ ਸਗੋਂ ਚੰਗੇ ਹੋਏ, ਜਦੋਂ ਅਸੀਂ ਧਰਮ ਲਈ ਲੜ ਤਾਂ ਸਕਦੇ ਹਾਂ। ਜਿਹੜੇ ਕਲ੍ਹ ਵਜ਼ੀਰੀ ਦੀਆਂ ਕੁਰਸੀਆਂ ਤੇ ਬੈਠੇ ਧਰਮ ਦੀ ਗੱਲ ਨਹੀਂ ਸੀ ਸੁਣਦੇ, ਸਗੋਂ ਸਟੇਜ ਤੇ ਉਭੜ ਉਭੜ ਬੋਲਦੇ ਸੀ ਕਿ ਜੋ ਅੱਜ ਸਿੱਖੀ ਦੀ ਗੱਲ ਕਰਦਾ ਹੈ ਉਹ ਸਾਡੇ ਰਾਜ ਨੂੰ ਧੱਕਾ ਮਾਰਦਾ ਹੈ, ਉਹੋ ਅੱਜ ਫੇਰ ਕੌਮ ਨੂੰ ਧਰਮ ਦਾ ਵਾਸਤਾ ਪਾ ਕੇ ਕਹਿ ਰਹੇ ਹਨ ਕਿ ਉਠੋ ਲੜੀਏ ! ਕੋਈ ਪੁਛੇ, ਕੌਮ ਤਾਂ ਅੱਡੀਆਂ ਚੁਕ ਕੇ ਪੱਬਾਂ ਭਾਰ ਹੋ ਟਾਹਣੀ ਫੜ ਲੈਂਦੀ ਹੈ, ਪਰ ਫਲ ਖਾਣ ਵੇਲੇ ਹੱਥ ਦੂਜੀਆਂ ਪਾਰਟੀਆਂ ਦਾ ਪੈਂਦਾ ਹੈ। ਕੀ ਪਾਲਿ-ਟਿਕਸ, ਜਿਸ ਨੂੰ ਅਸੀਂ ਧਰਮ ਦਾ ਭਾਈਵਾਲ ਬਣਾਇਆ ਹੋਇਆ ਹੈ, ਦੀ ਰੂਪ-ਰੇਖਾ ਇਹੀ ਹੈ ?

ਅੱਜ ਪੰਥ ਦੇ ਨਾਮ ਤੇ ਕਈ ਅਕਾਲੀ ਦਲ ਬਣ ਚੁਕੇ ਹਨ। ਉਨ੍ਹਾਂ ਦੇ ਮੈਂਬਰਾਂ ਦੀ ਆਪੋ ਆਪਣੀ ਪਾਰਟੀ ਦੀ ਭਰਤੀ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੈ। ਇਹ ਆਪੋ ਵਿਚ ਭਿੜਦੇ ਹਨ ਅਤੇ ਸਤਿਗੁਰਾਂ ਦੇ ਪੰਥ ਰੂਪੀ ਮੰਦਰ ਦੇ ਕਲਸ-ਕਿੰਗਰੇ ਢਾਹ ਢਾਹ ਸੁਟਦੇ ਹਨ। ਅੱਜ ਦੀ ਦਸ਼ਾ ਦਿਲ ਨੂੰ ਚੀਰਦੀ ਜਾਂਦੀ ਹੈ। ਅੱਖਾਂ ਇਹ ਸਭ ਕੁਝ ਵੇਖ ਕੇ ਭੈ-ਭੀਤ ਹੋ ਰਹੀਆਂ ਹਨ। ਮਨ ਪੁਕਾਰਦਾ ਹੈ, ਮੇਰਾ ਸਤਿਗੁਰਾ ! ਮੇਰੇ ਕਲਗੀਆਂ ਵਾਲਿਆ ! ਤੈਂ ਆਪਣੇ ਪਰਵਾਰ ਦੇ ਖ਼ੂਨ ਨਾਲ ਸਿੰਜ ਸਿੰਜ ਕੇ ਇਹ ਬਾਗ ਲਗਾਇਆ, ਉਸ ਬਾਗ ਅੰਦਰ ਨਾਮ-ਬਾਣੀ ਰਾਹੀਂ ਜਸ ਕਰਨ ਵਾਲੀਆਂ ਗੁਰਮੁਖਿ ਕੋਇਲਾਂ ਵਸਾਈਆਂ। ਆਪਣੇ ਬਗੀਚੇ ਦੀ ਰਾਖੀ ਲਈ–

"ਜਬ ਆਉ ਕੀ ਅਉਧ ਨਿਧਾਨ ਬਨੈ, ਅਤਿ ਹੀ ਰਣ ਮੈ ਤਬ ਜੂਝ ਮਰੋ" ਦੀ ਸ਼ਕਤੀ ਬਖਸ਼ੀ। ਅੱਜ ਕੀ ਹੋ ਗਿਆ ? ਅੱਜ ਇਹ ਬਾਗ ਲਤਾੜਿਆ ਤੇ ਮਿਧਿਆ ਜਾ ਰਿਹਾ ਹੈ, ਤੇਰੇ ਆਪਣੇ ਕੇਸਰੀ ਨਿਸ਼ਾਨ ਥਲੇ, ਤੇਰੀ ਸੇਵਾ ਦਾ ਨਾਮ ਵਰਤ ਕੇ, ਆਪਣਾ ਉੱਲੂ ਸਿੱਧਾ ਕਰਨ ਵਾਲਿਆਂ ਤੇਰਿਆਂ ਹੀ (ਅਖੌਤੀ) ਸਿੱਖਾਂ ਹੱਥੀਂ ! ਸ਼ਰਾਬੀ ਅੱਜ ਮੋਢੀ, ਐਬੀ ਅੱਜ ਮਰ੍ਹੇਲੀ, ਹੰਕਾਰੀ ਅੱਜ ਸੇਵਾਦਾਰ, ਤੇਰਾ ਧਾਨ ਖਾ ਕੇ ਡਕਾਰ ਮਾਰਨ ਵਾਲੇ (ਜੋ ਤੁਸਾਂ ਜ਼ਹਿਰ ਦਸਿਆ ਸੀ) ਅੱਜ ਤੇਰੀ ਸਿੱਖੀ ਦੇ ਠੇਕੇਦਾਰ ਬਣੇ ਬੈਠੇ ਹਨ। ਓ ਸੱਚੇ ਸਤਿਗੁਰਾ ! ਬਾਹੁੜੀ ਕਰ !!

(ਚਲਦਾ)

www.AKJ.Org

# ਬੈਕੁੰਠ ਤੇ ਬੈਕੁੰਠ-ਵਾਸ ਦਾ ਨਿਰਣਾ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਓਥੇ—ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
ਬਸ—ਏਕੰਕਾਰ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥੮॥

(ਮਾਰੂ ਸੋ: ਮ: ੫, ਪੰਨਾ ੧੦੭੮

ਕੇਵਲ ਸਤਿਗੁਰ ਦੇ ਪ੍ਰਸਾਦ ਕਰਿ ਹੀ ਏਕੰਕਾਰ ਨੂੰ ਪਾਇਆ ਜਾ ਸਕਦਾ ਹੈ ਅਤੇ ਏਕੰਕਾਰ ਨਿਰੰਕਾਰ ਦਾ ਦੇਸ ਸਚਖੰਡ ਭੀ ਤਿਨ੍ਹਾਂ ਨੇ ਹੀ ਸਤਿਗੁਰ ਪ੍ਰਸਾਦ ਕਰਿ ਪਾਇਆ ਹੈ ਜਿਨ੍ਹਾਂ ਨੇ ਏਕੰਕਾਰ ਨੂੰ ਪਾਇਆ ਹੈ। "ਸਚ ਖੰਡ ਵਸੈ ਨਿਰੰਕਾਰ" ਦੇ ਦਰਸ਼ਨ ਕਰਨਹਾਰਿਆਂ ਨੂੰ ਬੈਕੁੰਠ-ਬਹਿਸ਼ਤਾਂ ਕੀ ਚੀਜ਼ ਹਨ ? ਇਹ ਨੀਵੀਆਂ ਹੀ ਰਹਿ ਜਾਂਦੀਆਂ ਹਨ। ਇਹ ਬਹਿਸ਼ਤਾਂ, ਬੈਕੁੰਠਾਂ ਅਤੇ ਮੁਕਤੀਆਂ ਤਿਥੇ ਲਵੇ ਨਹੀਂ ਲਗ ਸਕਦੀਆਂ, ਤਿਨ੍ਹਾਂ ਨੂੰ ਗੁਰਮੁਖ ਗਿਆਨਵੰਤੇ ਹੰਸਲੇ ਨਾਮਰੰਗੀ-ਜਨ ਸਿਆਣਦੇ ਭੀ ਨਹੀਂ।

ਅਵਰਿ ਸਾਦ ਚਖਿ ਸਗਲੇ ਦੇਖੇ, ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥

(ਮਾਝ ਮ: ੫, ਪੰਨਾ ੧੦੦-੦੧

ਜਾ ਕਉ ਰਸੁ ਹਰਿ ਰਸੁ ਹੈ ਆਇਓ ॥ ਸੋ ਅਨਰਸ ਨਾਹੀ ਲਪਟਾਇਓ ॥੨॥੪॥੩੩॥੧੦੨॥

[ਗਉੜੀ ਮ: ੫, ਪੰਨਾ ੧੮੬

ਬੈਕੁੰਠ-ਬਹਿਸ਼ਤਾਂ ਦੇ ਸੁਖ-ਰਸ ਮਾਨਣਹਾਰਿਆਂ ਨੂੰ ਉਹ ਸੁਖ-ਰਸ ਤਿਲ ਸਮਾਨ ਭੀ ਪ੍ਰਾਪਤ ਨਹੀਂ ਹੁੰਦਾ ਜੋ ਹਰਿ ਰਸ ਆਘਾਨੇ ਨਾਮ ਮਹਾਂ ਰਸ ਦੇ ਰੰਗੀ ਜਨਾਂ ਨੂੰ ਪ੍ਰਾਪਤ ਹੈ। ਇਹ ਨਾਮ ਦਾ ਅੰਮ੍ਰਿਤ ਰਸ ਗੁਰੂ ਘਰ ਦੀ ਸਾਧ ਸੰਗਤ ਵਿਖੇ ਟੁਲ ਟੁਲ ਪਉਂਦਾ ਹੈ। ਗੁਰ ਸਾਧ ਸੰਗਤ ਤੋਂ ਛੁਟ ਇਹ ਅੰਮ੍ਰਿਤ ਰਸ ਹੋਰ ਕਿਤੇ ਹੈ ਹੀ ਨਹੀਂ। ਤਾਂਤੇ ਗੁਰ ਸਾਧ ਸੰਗਤ ਦੇ ਹੰਸਲੇ ਜਨ, ਨਾਮ-ਅਹਾਰੀਆਂ ਦੇ ਸਾਹਮਣੇ ਬੈਕੁੰਠਾਂ ਬਹਿਸ਼ਤਾਂ ਦੀ ਬਾਂਛਾ ਉਪਜਦੀ ਹੀ ਨਹੀਂ, ਤਿਨ੍ਹਾਂ ਨੂੰ ਬੈਕੁੰਠਾਂ ਦੀ ਅਕਾਂਖਿਆ ਔੜਦੀ ਹੀ ਨਹੀਂ, ਨਾ ਸੁਖਾਂਦੀ ਹੈ। ਨਾਮ ਮਹਾਂ ਰਸ ਭਰਪੁਰ ਲੀਣੇ ਜਨਾਂ ਕੋਲ ਲੋਕੀ ਬੈਕੁੰਠ ਦੀਆਂ ਬੁਝਾਰਤਾਂ ਪਾਉਂਦੇ ਹਨ, ਤਾਂ ਉਹ ਰਸ-ਪ੍ਰੇਮ-ਭਰੀ ਮਸਤੀ ਵਿਚ ਪੁਕਾਰ ਕਰਦੇ ਹਨ, "ਨ ਜਾਨਾ ਬੈਕੁੰਠ ਕਹਾ ਹੀ"* ਯਾਨੀ, ਤੁਹਾਡੇ ਬੈਕੁੰਠ ਦੇ ਜਾਨਣ ਦੀ ਲੋੜ ਨਹੀਂ, ਕਿਤੇ ਹੋਊ, "ਜਾਨੁ ਜਾਨੁ ਸਭਿ ਕਹਹਿ ਤਹਾ ਹੀ"। ਸਭ ਕਹਿੰਦੇ ਹਨ ਕਿ ਓਥੇ ਅਰਥਾਤ ਬੈਕੁੰਠ ਵਿਚ ਜਾਣਾ ਹੈ, ਪਰ ਓਹਨਾਂ ਨੇ ਆਪ ਪਰਮਾਤਮਾ ਨੂੰ ਤਾਂ ਜਾਣਿਆ ਨਹੀਂ, ਤੇ ਗੱਲਾਂ ਨਾਲ ਹੀ ਬੈਕੁੰਠ ਸਮਾਇਆ ਲੋੜਦੇ ਹਨ। ਪਰ ਨਾਮ-ਰਸਕ-ਅਨੁਰਾਗੀ ਜਨ ਲੋਕਾਂ ਦੀਆਂ ਏਹਨਾਂ ਕਹਿਨ ਕਹਾਵਨ ਵਾਲੀਆਂ ਗੱਲਾਂ ਤੇ ਨਹੀਂ ਪਤੀਆਵੰਦੇ। ਇਹ ਸਭ ਹਉਮੈ ਦੀਆਂ ਰਚਨਾਂ ਹਨ। ਹਉਮੈ ਦਾ ਵਿਨਾਸ ਤਾਂ ਹੋਵੇ ਜੇ ਨਾਮ ਰਸ ਦਾ ਵਿਗਾਸ ਹੋਵੇ। ਤਉ ਮਨ ਮਾਨੈ ਕਿ ਅਸਲ ਬੈਕੁੰਠ ਵਾਸਤਵ ਵਿਚ ਕਿਹੜੀ ਹੈ ? ਜਦ ਤਾਈਂ ਏਹਨਾਂ ਮਹਾਂ ਰਸ ਦੇ ਮੁਕਾਬਲੇ ਵਿਚ ਅਲਪ ਸੁਖਾਂ ਵਾਲੀਆਂ ਬੈਕੁੰਠਾਂ-ਬਹਿਸ਼ਤਾਂ ਦੀ ਮਨ ਵਿਚ ਆਸਾ ਤ੍ਰਿਸ਼ਨਾ ਖੁਟਕ ਰਹੀ ਹੁੰਦੀ ਹੈ ਓਦੋਂ ਤਾਈਂ ਵਾਹਿਗੁਰੂ ਦੇ ਚਰਨਾਂ ਵਿਚ ਨਿਵਾਸ ਨਹੀਂ ਹੁੰਦਾ। ਪਰ ਇਹ ਗੱਲ ਭੀ ਅਸੀਂ ਕਿਸ ਨੂੰ ਕਹਿ ਕੇ ਸੁਣਾਈਏ, ਕੋਈ ਰਾਜ਼-ਸ਼ਨਾਸ ਹੀ ਨਹੀਂ। ਬਸ, ਜਿਸ ਨੇ ਦੇਖਣਾ ਹੈ, ਸੋ ਗੁਰ ਸਾਧ ਸੰਗਤ ਵਿਚ ਆ ਕੇ ਦੇਖ ਲਵੇ। ਉਸ ਨੂੰ ਤਿਥੇ ਨਾਮ ਮਹਾਂ ਰਸ ਗੁਰ-ਦੀਖਿਆ ਦਾ ਅੰਮ੍ਰਿਤ ਛਾਂਦਾ ਮਿਲੇਗਾ, ਤਾਂ ਉਸਦਾ ਮਨ ਪਤੀਆਏਗਾ ਕਿ ਸਚੀ ਬੈਕੁੰਠ ਸਚ ਮੁਚ ਸਾਧ ਸੰਗਤ ਵਿਖੇ ਆ ਕੇ ਹੀ ਪ੍ਰਾਪਤ ਹੁੰਦੀ ਹੈ। ਘਰ ਬੈਠਿਆਂ ਇਸ ਲੋਕੀ ਵਿਖੇ ਗੁਰਪ੍ਰਸਾਦੀ ਸਾਧ ਸੰਗਤ ਕਰਿ ਸਚੀ ਬੈਕੁੰਠ ਦਾ ਰਸ ਮਾਣ ਲਈਦਾ ਹੈ। ਦੂਰ-ਮੰਜ਼ਲੀ ਸਤ

*ਗਉੜੀ ਕਬੀਰ ਜੀ, ਪੰਨਾ ੩੨੫



www.AKJ.Org

ਅਸਮਾਨਾਂ ਵਿਚ ਦਸੀਆਂ ਬੈਕੁੰਠ-ਬਹਿਸ਼ਤਾਂ ਦੇ ਭਾਲਣ ਲਈ ਧਾਵਨ ਦੀ ਲੋੜ ਹੀ ਬਾਕੀ ਨਹੀਂ ਰਹਿੰਦੀ।

ਯਥਾ :–ਜੋ ਜਨ ਪਰਮਿਤਿ ਪਰਮਨੁ ਜਾਨਾ ॥ ਬਾਤਨ ਹੀ ਬੈਕੁੰਠ ਸਮਾਨਾ ॥੧॥
ਨ ਜਾਨਾ ਬੈਕੁੰਠ ਕਹਾ ਹੀ ॥ ਜਾਨੁ ਜਾਨੁ ਸਭਿ ਕਹਹਿ ਤਹਾ ਹੀ ॥੧॥ਰਹਾਉ॥
ਕਹਨ ਕਹਾਵਨ ਨਹ ਪਤੀਅਈ ਹੈ ॥ ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ ॥੨॥
ਜਬ ਲਗੁ ਮਨਿ ਬੈਕੁੰਠ ਕੀ ਆਸ ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥
ਕਹੁ ਕਬੀਰ ਇਹ ਕਹੀਐ ਕਾਹਿ ॥ ਸਾਧ ਸੰਗਤਿ ਬੈਕੁੰਠੈ ਆਹਿ ॥੪॥੧੦॥
[ਗਉੜੀ ਕਬੀਰ ਜੀ, ਪੰਨਾ ੩੨੫

ਜਿਥੇ, ਜਿਸ ਅਸਥਾਨ ਵਿਖੇ, ਜਿਸ ਨਗਰ ਵਿਖੇ ਗੁਰਮੁਖ ਨਾਮ ਜਪਣਹਾਰੇ ਸੰਤ ਜਨਾਂ ਦਾ ਸਤਿਸੰਗ-ਮੰਡਲੀ-ਵਾਸਾ ਹੈ ਸੋ ਨਗਰ ਬੈਕੁੰਠ ਨਗਰ ਹੈ, ਸੋ ਅਸਥਾਨ ਬੈਕੁੰਠ ਅਸਥਾਨ ਹੈ। ਸਤਿਸੰਗ ਮੰਡਲ ਮਹਿ ਬੈਸ ਕੇ ਨਾਮ ਮਹਾਂ ਰਸ ਦੇ ਗਟਾਕ ਦੂਣੇ ਚਉਣੇ ਭੁੰਚੀਦੇ ਹਨ। ਨਾਮ-ਰਿਦ-ਜੋਤਿ-ਵਿਗਾਸ ਦਾ ਲਿਵ-ਚਰਨ-ਨਿਵਾਸੀ-ਬਿਸਮਾਦ-ਆਨੰਦ ਨਾਮ ਅਭਿਆਸੀਆਂ ਨੂੰ ਸਤਿਸੰਗ ਮੰਡਲ ਵਿਖੇ, ਕੀਰਤਨ ਕਰਦਿਆਂ ਸੁਣਦਿਆਂ ਅਧਿਕ ਤੋਂ ਅਧਿਕ ਆਉਂਦਾ ਹੈ। ਜਿਸ ਨੇ ਇਹ ਆਨੰਦ ਰਸ ਮਾਨਣਾ ਹੈ ਤਾਂ ਮਾਣ ਕੇ ਦੇਖ ਲਵੇ। ਸੱਚੀ ਬੈਕੁੰਠ ਦੇ ਮਨ ਤਨ ਕਰਕੇ ਮਾਨਣ ਦਾ ਮਹਾਂ ਆਨੰਦ ਸੁਖ ਕਰਕੇ ਜਿਸਨੇ ਦੇਖਣਾ ਹੋਵੇ ਤਾਂ ਨਿਸੰਗ ਅਜ਼ਮਾ ਕੇ ਦੇਖ ਲਵੇ। ਅਨਿਕ ਭੋਜਨਾਂ ਬਿੰਜਨਾਂ ਦੇ ਸੁਅਰਗੀ ਬਹਿਸ਼ਤੀ ਬੈਕੁੰਠੀ ਭੋਗ ਭੀ ਅੰਮ੍ਰਿਤ ਰਸ ਨਾਮ ਬਿੰਜਨ ਦੇ ਮੁਕਾਬਲੇ ਹੇਚ ਤੁਛ ਹਨ। ਅੰਮ੍ਰਿਤ ਨਾਮ ਮਹਾਂ ਰਸ ਦੇ ਅੰਤਰ ਆਤਮੇ ਭੁੰਚਿਆਂ ਅਲੌਕਕੀ ਬਿੰਜਨਾਂ ਭੋਜਨਾਂ ਦੇ ਅਚਰਜ, ਬਿਸਮਾਦ ਅਹਿਲਾਦੀ ਸੁਆਦ ਆਉਂਦੇ ਹਨ, ਜੋ ਵਰਨੇ ਨਹੀਂ ਜਾ ਸਕਦੇ। ਏਹਨਾਂ ਅਸਚਰਜ ਅਮੀ-ਰਸ-ਸੁਆਦਾਂ ਨੂੰ ਚਖ ਕੇ ਮਾਇਕ ਪਦਾਰਥਾਂ ਭੋਜਨਾਂ ਬਿੰਜਨਾਂ ਦੀ ਸਭ ਲੋਭ ਲਾਲਸਾ ਮਿਟ ਜਾਂਦੀ ਹੈ ਅਤੇ ਸਾਰੀ ਤ੍ਰਿਸ਼ਨਾ, ਭੋਗ ਰਸ ਭੁੰਚ ਹੰਢਾਉਣੀ ਤ੍ਰਿਸ਼ਨਾ ਬੁਝ ਜਾਂਦੀ ਹੈ। ਪਾਰਬ੍ਰਹਮ ਦੀ ਸ਼ਰਨ ਚਰਨੀ ਮਉਜ ਵਿਚ ਸੁਰਤੀ ਬਿਰਤੀ ਗਲਤਾਨ ਰਹਿੰਦੀ ਹੈ। ਜਨਮਾਂ ਜਨਮਾਂ ਦੇ ਭੈ ਮੋਹ ਨਿਵਾਰਨ ਹੋ ਜਾਂਦੇ ਹਨ। ਐਸੀ ਕਿਰਪਾ ਆਨਿ ਹੁੰਦੀ ਹੈ ਪ੍ਰਮਾਤਮਾ ਦੀ, ਗੁਰ ਨਾਨਕ ਸਾਹਿਬ ਦੇ ਦਰ ਘਰ ਦੇ ਨਾਮ ਰਸੀਅੜੇ ਸੇਵਕ ਸਿਖ ਜਨ ਦਾਸਾਂ ਉਤੇ। ਯਥਾ:–

ਬੈਕੁੰਠ ਨਗਰੁ ਜਹਾ ਸੰਤ ਵਾਸਾ ॥ ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧॥
ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥ ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥੧॥ਰਹਾਉ॥
ਅੰਮ੍ਰਿਤ ਨਾਮੁ ਭੁੰਚੁ ਮਨੁ ਮਾਹੀ ॥ ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥
ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥
ਜਨਮ ਜਨਮ ਕੇ ਭੈ ਮੋਹ ਨਿਵਾਰੇ ॥ ਨਾਨਕ ਦਾਸ ਪ੍ਰਭ ਕਿਰਪਾ ਧਾਰੇ ॥੪॥੨੧॥੨੭॥
[ਸੂਹੀ ਮਹਲਾ, ੫ ਪੰਨਾ ੭੪੨

ਸੱਚਾ ਬੈਕੁੰਠ ਮਾਨਣਾ ਹੈ ਤਾਂ "ਗੋਬਿੰਦ ਚਰਨ ਨਿਤ ਧਿਆਉ।" ਗੋਬਿੰਦ ਚਰਨ ਧਿਆਵਣ ਦਾ ਨਿਰਣਾ "ਚਰਨ ਕਮਲ ਕੀ ਮਉਜ" ਨਾਮੇ ਪੁਸਤਕ ਵਿਚ ਪੜ੍ਹ ਕੇ ਦੇਖ ਲਵੋ। ਜੇ ਸੱਚੀ ਮੁਕਤੀ ਮਈ ਪਦਾਰਥ ਨੂੰ ਪ੍ਰਾਪਤ ਕਰਨਾ ਹੈ ਤਾਂ ਗੁਰ-ਸਾਧ-ਸੰਗਤ ਗੁਰੂ ਦੁਆਰੇ ਆਇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜਾਂ ਪਿਆਰਿਆਂ ਤੋਂ "ਅੰਮ੍ਰਿਤੁ ਹਰਿ ਕਾ ਨਾਉ" ਗੁਰਮਤਿ ਨਾਮੁ ਪ੍ਰਾਪਤ ਕਰ ਕੇ ਦੇਖੋ ਅਤੇ ਅਤੁਟ ਨਾਮ ਅਭਿਆਸ ਕਮਾਈਆਂ ਕਰ ਕੇ ਸੱਚੇ ਮੁਕਤ-ਪਦਾਰਥ ਦੇ ਰਸ ਭੁੰਚੋ। ਹੇ ਵਾਹਿਗੁਰੂ, ਭਗਵਾਨ ! ਐਸੀ ਕਿਰਪਾ ਕਰੋ ਕਿ ਅਸੀਂ ਗੁਰਦੁਆਰੇ ਢਹਿ ਕੇ ਸਤਿਸੰਗ ਕਰਦੇ ਹੋਏ ਆਪਣਿਆਂ ਕੰਨਾਂ ਦੁਆਰਾ ਅੰਮ੍ਰਿਤ ਬਾਣੀ ਦੇ ਪਾਠ ਕੀਰਤਨ ਮਈ ਤੇਰੀ ਅੰਮ੍ਰਿਤ ਕਥਾ ਨੂੰ ਸੁਣਦੇ ਰਹੀਏ, ਜਿਸ ਕਿਰਪਾ ਦੇ ਹੋਣ ਕਰਿ


www.AKJ.Org

ਇਸ ਲੋਕ ਵਿਖੇ ਆਇਆਂ ਦੇ ਅਤੇ ਪਰਲੋਕ ਵਿਖੇ ਗਇਆਂ ਦੇ; ਦੋਈ ਪਖ ਪੂਰਨ ਹੋ ਜਾਵਣ, ਅਰਥਾਤ ਹਲਤ ਪਲਤ ਸੁਹੇਲੇ ਹੋ ਜਾਵਣ ਅਤੇ ਸੱਚੇ ਸੁਖ ਬਿਸਰਾਮ ਵਿਚ ਵਾਸਾ ਹੋ ਜਾਵੇ। ਸੋਧ ਸੋਧ ਕੇ ਇਹੀ ਤੱਤਾਂ ਸਿਰ ਤੱਤ ਨਿਕਲਿਆ ਹੈ ਕਿ ਗੁਰਮਤਿ ਭਗਤੀ ਹੀ ਸਭ ਮੁਕਤੀਆਂ ਤੋਂ ਸ੍ਰੇਸ਼ਟ ਮੁਕਤੀ ਹੈ। ਅਤੇ ਗੁਰਮਤਿ ਭਗਤੀ ਹੀ ਸਾਰੀਆਂ ਬੈਕੁੰਠਾਂ ਤੋਂ ਸਿਰਮੌਰ ਅਤੇ ਸੰਪੂਰਨ ਬੈਕੁੰਠ ਹੈ। ਪਰ ਇਹ ਬਿਧ ਤਿਸ ਨੂੰ ਪ੍ਰਾਪਤ ਹੁੰਦੀ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਦੇ ਘਰ ਜਨਮ ਲੈਣ ਕਰਿ ਗੁਰਮਤਿ ਨਾਮ, ਗੁਰ-ਦੀਖਿਆ ਦੀ ਪ੍ਰਾਪਤੀ ਅਤੇ ਅਭਿਆਸ-ਕਮਾਈਆਂ ਦੀ ਜੁਗਤੀ ਨਸੀਬ ਹੁੰਦੀ ਹੈ। ਨਹੀਂ ਤਾਂ, ਗੁਰਮਤਿ ਨਾਮ ਬਿਹੂਣ ਹੋਰ ਸਾਰੀਆਂ ਬਿਧਾਂ ਜੁਗਤੀਆਂ ਊਰੀਆਂ ਹਨ। ਯਥਾ ਗੁਰਵਾਕ :—

ਬੈਕੁੰਠ ਗੋਬਿੰਦ ਚਰਨ ਨਿਤ ਧਿਆਉ ॥
ਮੁਕਤਿ ਪਦਾਰਥੁ ਸਾਧੂ ਸੰਗਤਿ ਅੰਮ੍ਰਿਤੁ ਹਰਿ ਕਾ ਨਾਉ ॥੧॥ਰਹਾਉ॥
ਊਤਮ ਕਥਾ ਸੁਣੀਜੈ ਸ੍ਰਵਣੀ ਮਇਆ ਕਰਹੁ ਭਗਵਾਨ ॥
ਆਵਤ ਜਾਤ ਦੋਊ ਪਖ ਪੂਰਨ ਪਾਈਐ ਸੁਖ ਬਿਸ੍ਰਾਮ ॥੧॥
ਸੋਧਤ ਸੋਧਤ ਤਤੁ ਬੀਚਾਰਿਓ ਭਗਤਿ ਸਰੇਸਟ ਪੂਰੀ ॥
ਕਹੁ ਨਾਨਕ ਇਕ ਰਾਮ ਨਾਮ ਬਿਨੁ ਅਵਰ ਸਗਲ ਬਿਧਿ ਊਰੀ ॥੨॥੬੨॥੮੫॥

[ਸਾਰੰਗ ਮਹਲਾ ੫, ਪੰਨਾ ੧੨੨੦-੨੧

ਇਸ ਦਾ ਇਹ ਭਾਵ ਨਹੀਂ ਕਿ ਕੀਰਤਨ ਕੀਤਿਆਂ ਅਤੇ ਨਾਮ ਉਚਰਿਆਂ ਹਿੰਦੂਆਂ ਦੇ ਭਾਵ ਲਖਸ਼ ਵਾਲੀ ਬੈਕੁੰਠ ਮਿਲ ਜਾਂਦੀ ਹੈ, ਬਲਕਿ ਇਹਨਾਂ ਵਾਕਾਂ ਦਾ ਇਹ ਭਾਵ ਹੈ ਕਿ ਕੀਰਤਨ ਅਤੇ ਨਾਮ ਉਚਰਨੇ ਸਤਿਸੰਗ ਮੰਡਲ ਦਾ ਨਿਵਾਸ ਹੀ ਸਭ ਬੈਕੁੰਠ ਵਾਸਾ ਹੈ। ਹੋਰ ਬੈਕੁੰਠ-ਬਾਂਛਾਂ ਗੁਰਸਿਖਾਂ ਨੂੰ ਬਿਵਰਜਤ ਹਨ।

**ਅਠ ਸਠ ਤੀਰਥ—**

ਗੁਰੂ ਨਾਨਕ ਸਾਹਿਬ ਸੱਚੇ ਸਤਿਗੁਰੂ ਸਾਧ ਨੇ ਜਿਥੇ ਜਿਥੇ ਪੈਰ ਧਰਿਆ ਹੈ, ਉਹ ਅਠ ਸਠ ਤੀਰਥ ਬਣ ਗਿਆ। ਸੱਚਾ ਅਠ ਸਠ ਤੀਰਥ ਉਹੀ ਹੈ, ਜਿਥੇ ਸਤਿਗੁਰਾਂ ਨੇ ਚਰਨ ਪਾਏ ਹਨ। ਨਹੀਂ ਤਾਂ ਹੋਰ ਤੀਰਥਾਂ ਦੀ ਮਹੱਤਤਾ ਹੀ ਊਰੀ ਹੈ। ਹਾਂ, ਜਿਥੇ ਜਿਥੇ ਗੁਰੂ ਸਾਹਿਬਾਨ ਨੇ ਆਨਮਤੀ ਤੀਰਥਾਂ ਤੇ ਭੀ ਚਰਨ ਪਾਏ ਹਨ, ਉਹ ਤੀਰਥ ਭੀ ਪਵਿਤਰ ਪਾਵਨ ਹੋ ਗਏ ਹਨ। ਹਾਂ ਜੀ—

ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ ॥ —ਵਾਰ ੧, ਪਉੜੀ ੨੧
ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥ ਤਹ ਬੈਕੁੰਠੁ ਜਹ ਨਾਮੁ ਉਚਰਹਿ ॥
ਸਰਬ ਅਨੰਦ ਜਬ ਦਰਸਨੁ ਪਾਈਐ ॥ ਰਾਮ ਗੁਣਾ ਨਿਤ ਨਿਤ ਹਰਿ ਗਾਈਐ ॥੩॥
ਆਪੇ ਘਟਿ ਘਟਿ ਰਹਿਆ ਬਿਆਪਿ ॥ ਦਇਆਲ ਪੁਰਖ ਪਰਗਟ ਪਰਤਾਪੁ ॥
ਕਪਟ ਖੁਲਾਨੇ ਭਰਮ ਨਾਠੇ ਦੂਰੇ ॥ ਨਾਨਕ ਕਉ ਗੁਰ ਭੇਟੇ ਪੂਰੇ ॥੪॥੧੪॥੨੫॥

[ਰਾਮਕਲੀ ਮ: ੫, ਪੰਨਾ ੮੯੦

ਜਿਥੇ ਜਿਥੇ ਸਚੇ ਸਾਧੂ ਜਨ ਸਤਿਗੁਰੂ ਦੇ ਚਰਨ ਵਿਸ਼ੇਸ਼ ਪ੍ਰਭਾਵਸ਼ਾਲੀ ਵਿਸ਼ਾਲਤਾ ਵਿਚ ਪਸ੍ਰਜਤ ਹੋਏ ਹਨ, ਤਿਥੇ ਦੀ ਮਹਿਮਾ ਤਾਂ ਅੱਤ ਅਪਰ ਅਪਾਰ ਹੈ। ਤੈਸੇ ਪਰਮ ਪਾਵਨ ਗੁਰ ਅਸਥਾਨ ਪਰਥਾਇ ਹੀ "ਡਿਠੇ ਸਭੇ ਥਾਉ ਨਹੀ ਤੁਧੁ ਜੇਹਿਆ"* ਵਾਲਾ ਗੁਰਵਾਕ ਉਚਾਰਨ ਹੋਇਆ ਹੈ। ਤਿਥੇ ਦਇਆਲ ਪੁਰਖ ਦਾ ਪ੍ਰਗਟ ਪ੍ਰਤਾਪ ਵਰਤਿਆ ਹੈ। ਤਿਨ੍ਹਾਂ ਗੁਰ-ਅਸਥਾਨਾਂ ਅਮਿਉ-ਸਰੋਵਰਾਂ ਵਿਖੇ ਮਜਨ ਕਰ ਕੇ ਅਮਿਉ-ਮਜਨੀਆਂ ਦੇ ਕਪਾਟ ਖੁੱਲ੍ਹ ਗਏ ਹਨ। ਸਤਿਗੁਰ ਪੂਰੇ ਦੇ ਭੇਟਣ ਦੀ ਇਹ ਸਚੀ ਵਡਿਆਈ ਹੈ।

*ਫੁਨਹੇ ਮ: ੫, ਪੰਨਾ ੧੩੬੨



www.AKJ.Org

# ਹਵਾਈ ਜਹਾਜ਼ ਤੇ ਸਫ਼ਰ ਕਰਨ ਸਮੇਂ
# ਅੰਮ੍ਰਿਤਧਾਰੀ ਸਿੰਘਾਂ ਨੂੰ ਕਿਰਪਾਨ ਰਖਣ ਦੀ ਆਜ਼ਾਦੀ

ਭਾਰਤ ਦੇ ਹਵਾਈ ਅੱਡਿਆਂ ਤੇ ਹਵਾਈ ਜਹਾਜ਼ ਦਾ ਸਫਰ ਕਰਨ ਸਮੇਂ ਅੰਮ੍ਰਿਤਧਾਰੀ ਸਿੰਘਾਂ ਨੂੰ ਆਪਣਾ ਪੰਜਵਾਂ ਕਕਾਰ "ਗਾਤਰੇ ਦੀ ਕਿਰਪਾਨ" ਲਾਹ ਕੇ ਸਿਕਿਉਰਿਟੀ ਸਟਾਫ ਕੋਲ ਜਮ੍ਹਾ ਕਰਾਉਣ ਲਈ ਮਜਬੂਰ ਕੀਤਾ ਜਾਂਦਾ ਹੈ ਤੇ ਕਿਰਪਾਨ ਸਮੇਤ ਕਿਸੇ ਸਿੰਘ ਨੂੰ ਸਫਰ ਕਰਨ ਦੀ ਆਗਿਆ ਨਹੀਂ ਦਿਤੀ ਜਾਂਦੀ। ਅਧਿਕਾਰੀਆਂ ਵਲੋਂ ਅਜਿਹਾ ਕਰਨਾ ਖਾਲਸਈ ਸਰੂਪ ਦੀ ਤੌਹੀਨ ਹੈ ਅਤੇ ਵਿਧਾਨ ਦੁਆਰਾ ਦਿਤੇ ਗਏ ਹੱਕਾਂ ਤੇ ਛਾਪਾ ਹੈ।

ਯੂ.ਕੇ. ਦੇ ਸਿੰਘਾਂ ਨੇ ਗੁਰੂ ਕੀ ਓਟ ਤੋਂ ਆਸਰਾ ਲੈ ਕੇ ਉਥੋਂ ਦੇ ਸੰਬੰਧਤ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ, ਜਿਸ ਦੇ ਫਲ-ਸਰੂਪ ਉਹਨਾਂ ਨੂੰ ਹਵਾਈ ਸਫਰ ਕਰਨ ਸਮੇਂ ਗਾਤਰੇ ਦੀ ਛੋਟੀ ਕਿਰਪਾਨ ਪਹਿਨੀ ਰਖਣ ਦੀ ਖੁਲ੍ਹ ਦੇ ਦਿਤੀ ਗਈ ਹੈ।

ਅਖੰਡ ਕੀਰਤਨੀ ਜਥੇ ਦਾ ਇਕ ਡੈਪੂਟੇਸ਼ਨ, ਜਿਸ ਵਿਚ ਭਾਰਤ ਦੇ ਵਖ ਵਖ ਸੂਬਿਆਂ ਤੋਂ ਇਲਾਵਾ ਯੂ.ਕੇ. ਦੇ ਪ੍ਰਤੀਨਿਧ ਵੀ ਸ਼ਾਮਲ ਸਨ, ਅਖੰਡ ਕੀਰਤਨੀ ਜਥੇ ਦੇ ਜਥੇਦਾਰ ਸਾਹਿਬ ਦੀ ਅਗਵਾਈ ਵਿਚ ੭ ਜਨਵਰੀ, ੧੯੮੧ ਨੂੰ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ, ਹੋਮ ਮਨਿਸਟਰ ਗਿਆਨੀ ਜ਼ੈਲ ਸਿੰਘ ਜੀ, ਡਾਇਰੈਕਟਰ ਜਨਰਲ ਸਿਵਲ ਐਵੀਏਸ਼ਨ ਅਤੇ ਡਾਇਰੈਕਟਰ ਜਨਰਲ ਸਿਕਿਊਰਿਟੀ ਸਿਵਲ ਐਵੀਏਸ਼ਨ ਨੂੰ ਮਿਲਿਆ ਅਤੇ ਉਹਨਾਂ ਸਾਹਮਣੇ ਹਵਾਈ ਸਫਰ ਸਮੇਂ ਕਿਰਪਾਨ ਪਹਿਨੇ ਰਖਣ ਦੀ ਖੁਲ੍ਹ ਪ੍ਰਾਪਤ ਕਰਨ ਦਾ ਕੇਸ ਪਲੀਡ ਕੀਤਾ। ਸੰਬੰਧਤ ਕਰਮਚਾਰੀਆਂ ਨੇ ਜਲਦੀ ਹੀ ਇਸ ਮਾਮਲੇ ਦੇ ਨਿਪਟਾਰੇ ਲਈ ਕੋਈ ਰਾਹ ਲਭਣ ਦਾ ਭਰੋਸਾ ਦਿਵਾਇਆ।

---

● ਗੁਰਬਾਣੀ ਅੰਦਰ ਨਾਨਾ ਪ੍ਰਕਾਰੀ ਸਿਧਾਂਤਾਂ ਦੇ ਨਿਰਣੇ ਲਈ ਹੋਰ ਸਾਰੀਆਂ ਸਦਰਸਤਾਵਾਂ ਤਸ਼ਬੀਹਾਂ ਤਾਂ ਦਿਤੀਆਂ ਗਈਆਂ ਹਨ, ਪਰ ਸਚਖੰਡ ਨੂੰ ਕੋਈ ਸਦਰਸਤਾ ਕਿਤੇ ਭੀ ਗੁਰਬਾਣੀ ਅੰਦਰ ਨਹੀਂ ਦਿਤੀ ਗਈ। 'ਸਚਖੰਡ' ਸਚਖੰਡ ਹੀ ਹੈ, ਉਸ ਨੂੰ ਹੋਰ ਸਦਰਸਤਾ ਤਸ਼ਬੀਹ ਸੋਂਹਦੀ ਹੀ ਨਹੀਂ, ਜੈਸੀ ਕਿ ਮੇਰੇ ਸਚਖੰਡ ਧਾਮੀ ਸਚਖੰਡੀ ਸ੍ਰੀ ਵਾਹਿਗੁਰੂ ਨਿਰੰਕਾਰ ਨੂੰ ਹੋਰ ਸਦਰਸਤਾ ਨਹੀਂ ਸੋਂਹਦੀ। ਨਾ ਹੀ ਮੇਰੇ ਨਿਰੰਕਾਰ ਜੇਵਡ ਹੋਰ ਕੋਈ ਹੈ ਅਤੇ ਨਾ ਹੀ ਨਿਰੰਕਾਰੀ ਸਚਖੰਡ ਤੁਲ ਹੋਰ ਕੋਈ ਅਸਥਾਨ ਹੀ ਹੈ। ਜਿਨ੍ਹਾਂ ਅਤੁਟ ਕਮਾਈਆਂ ਵਾਲੇ ਨਾਮ-ਅਭਿਆਸੀਆਂ ਨੂੰ ਕਰਣਾ ਕਰਿ, ਗੁਰੂ ਕਰਤਾਰ ਨੇ ਸਚਖੰਡ ਦੇ ਸਚਾਵੇ ਦਰਸ-ਝਲਕੇ ਕਰਾਏ ਹਨ ਅਤੇ ਕਰਾਕੇ ਜਰਾਏ ਹਨ, ਉਹ ਵਰਨਣ ਉਸ ਦਾ ਕਰ ਨਹੀਂ ਸਕਦੇ। ਪੇਖਿ ਪੇਖਿ ਹੈਰਾਨ ਬਿਸਮਾਦ ਹੀ ਹੋਇ ਰਹਿੰਦੇ ਹਨ। ਏਸ ਪ੍ਰਕਾਰ ਵਾਹਿਗੁਰੂ-ਦਰਸ਼ਨਾਂ ਦੀ ਭੀ ਬਿਸਮਾਦ ਕਥਾ ਹੈ, ਜੋ ਅਕੱਥ ਹੈ ਅਤੇ ਬਰਨੀ ਨਹੀਂ ਜਾ ਸਕਦੀ। ਵਾਹਿਗੁਰੂ ਦਰਸ਼ਨ ਅਤੇ ਸਚਖੰਡ ਦਰਸ਼ਨ ਅਭੇਦ ਹਨ। ਉਹ ਫੋਕੀਆਂ ਕਿਆਸ-ਆਰਾਈਆਂ ਕਰਦੇ ਹਨ ਜਿਨ੍ਹਾਂ ਨੇ ਵਾਹਿਗੁਰੂ-ਦਰਸ਼ਨ ਅਤੇ ਸਚਖੰਡ ਦਰਸ਼ਨ ਦੇ ਨਕਸ਼ੇ ਖਿੱਚ ਖਿੱਚ ਕੇ ਚਿੱਤ੍ਰਕਾਰੀਆਂ ਕਰਕੇ ਕਾਗਜ਼ ਕਾਲੇ ਕੀਤੇ ਹਨ, ਸਤਿਗੁਰੂ ਤਿਨ੍ਹਾਂ ਨੂੰ ਸੁਮੱਤ ਬਖਸ਼ੇ, ਨਹੀਂ ਤਾਂ ਉਨ੍ਹਾਂ ਲਈ ਬੜਾ ਘਾਟੇ ਦਾ ਸੌਦਾ ਹੈ। ਅਗੰਮੀ ਮੰਡਲਾਂ ਦੇ ਨਕਸ਼ੇ ਬੰਨ੍ਹਣ ਲਈ ਕਿਆਸੀ ਘੋੜੇ ਦੁੜਾਉਣੇ ਦਿਮਾਗੀ ਉਡਾਰੀਆਂ ਹੀ ਹਨ, ਹੋਰ ਕੁਛ ਨਹੀਂ। ਨਾ ਹੀ ਇਸ ਤੋਂ ਕੁਛ ਹਾਸਲ ਹੈ।

['ਸਚਖੰਡ ਦਰਸ਼ਨ' ਪੁਸਤਕ ਵਿਚੋਂ



www.AKJ.Org

# ਭੂਲੀ ਠਉਰ ਨ ਕਾਇ

[ਵਲੋਂ–ਗੁਰਪੁਰ ਵਾਸੀ ਮਾਸਟਰ ਜੁਗਿੰਦਰ ਸਿੰਘ ਜੀ ਬਤੂੰਦੀ]

[ਗੁਰਮੁਖ ਪਿਆਰੇ ਮਾਸਟਰ ਜੁਗਿੰਦਰ ਸਿੰਘ ਜੀ ਗੁਰਬਾਣੀ ਦੇ ਅਧਾਰ ਤੇ ਦਸ ਰਹੇ ਹਨ ਕਿ– ਸਤਿਗੁਰੂ ਦੇ ਉਪਦੇਸ਼ ਤੋਂ ਖੁੰਝੀ ਹੋਈ ਮਨਮੁਖੀ ਲੁਕਾਈ ਭੁਲ-ਭੁਲੱਈਆਂ ਵਿਚ ਪੈ ਕੇ ਭਟਕਦੀ ਫਿਰਦੀ ਹੈ। ਅਗਿਆਨ-ਅੰਧੇਰੇ ਵਿਚ ਫਸੇ ਹੋਣ ਕਰਕੇ ਮਨਮੁਖ ਨਿੰਦਿਆ ਦੇ ਰੋਗ ਵਿਚ ਗ੍ਰਸੇ ਜਾਂਦੇ ਹਨ, ਜਿਸ ਕਰਕੇ ਉਹ ਆਪਣਾ ਅਮੋਲਕ ਜਨਮ ਗੁਆ ਲੈਂਦੇ ਹਨ ਅਤੇ ਨਰਕਾਂ ਦੇ ਭਾਗੀ ਬਣਦੇ ਹਨ। ਉਹ ਅੰਜਾਣ, ਅਭਾਗੇ ਤੇ ਖ਼ੁਦਗਰਜ਼ ਮਨੁਖ ਜੇ ਸਤਿਗੁਰੂ ਦੀ ਸ਼ਰਨ ਪੈਣ ਤਾਂ ਹੀ ਜਨਮ-ਮਰਨ ਦੇ ਗੇੜ ਤੋਂ ਛੁਟ ਸਕਦੇ ਹਨ। ਵਾਹਿਗੁਰੂ ਨੇ ਅਮੋਲਕ ਮਨੁੱਖਾ ਜਨਮ ਬਖ਼ਸ਼ਿਆ ਹੈ, ਪਰ ਲੂਣ-ਹਰਾਮੀ ਮਨੁੱਖ ਖਸਮ ਨੂੰ ਵਿਸਾਰ ਕੇ ਆਪ-ਸੁਆਰਥ ਵਿਚ ਅੰਨ੍ਹਾ ਹੋਇਆ ਫਿਰਦਾ ਹੈ। –ਸੰਪਾਦਕ]

**ਭੁੱਲੜ :** ਮਨਮੁਖਿ ਭੂਲੈ ਭੁਲਾਈਐ ਭੂਲੀ ਠਉਰ ਨ ਕਾਇ॥
ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥੧॥੧੨॥ (੬੦)

ਮਨਮੁਖ ਸਦਾ ਭੁਲਦੇ ਹਨ, ਕਿਉਂ ਜੁ ਧੁਰਿ ਦਰਗਾਹੋਂ ਭੁਲਣ ਵਿਚ ਕੀਤੇ ਗਏ। ਓਹਨਾਂ ਭੁਲਿਆਂ ਨੂੰ ਕੋਈ ਠਿਕਾਣਾ ਨਹੀਂ ਮਿਲ ਸਕਣਾ, ਅੰਨ੍ਹੇ ਮਨਮੁਖ ਸਦਾ ਜੰਮਦੇ ਮਰਦੇ ਰਹਿਣਗੇ। ਅਜ ਸਮਾਂ ਹੈ ਓਹਨਾਂ ਲਈ ਸਤਿਗੁਰੂ ਪਿਛੇ ਭਜ ਪੈਣ ਦਾ।

ਸਤਿਗੁਰੂ ਓਹਨਾਂ ਭੁਲਿਆਂ ਭਟਕਦਿਆਂ ਹੋਇਆਂ ਮਨਮੁਖਾਂ ਨੂੰ ਸ਼ਬਦ ਰਾਹੀਂ ਖਰੇ ਕਰਨ ਦੀ ਸਮਰੱਥਾ ਰਖਦਾ ਹੈ। ਓਹਨਾਂ ਦੇ ਸਾਰੇ ਅਉਗਣ ਕਰਤਾਰ ਪਾਸੋਂ ਬਖਸ਼ਵਾ ਸਕਦਾ ਹੈ। ਕਰਤਾਰ-ਬਖਸ਼ਿਆਂ ਦਾ ਕੋਈ ਭੀ ਲੇਖਾ-ਪਤਾ ਨਹੀਂ ਪੁਛ ਸਕਦਾ, ਸਗੋਂ ਓਹ ਸੱਚੀ ਦਰਗਾਹੇ ਮੰਨੇ ਪ੍ਰਮੰਨੇ ਜਾਂਦੇ ਹਨ। ਯਥਾ ਗੁਰਵਾਕ :–

ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥
ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥
ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥੧੨॥ (੧੪੩)

**ਕਸਾਈ :** ਮਨਮੁਖਿ ਅੰਧੇ ਸੁਧਿ ਨ ਕਾਈ॥
ਆਤਮਘਾਤੀ ਹੈ ਜਗਤ ਕਸਾਈ ॥੪॥੧੫॥ (੧੧੮)

ਮਨਮੁਖਾਂ ਨੂੰ ਆਤਮ-ਘਾਤੀ ਤੇ ਜਗਤ-ਕਸਾਈ ਹੋਣ ਦਾ ਖ਼ਿਤਾਬ ਮਿਲਿਆ ਹੈ, ਗੁਰੂ ਬਾਣੀ ਵਲੋਂ। ਇਹ ਸੋਲ੍ਹਾਂ ਆਨੇ ਸੱਚੀ ਗੱਲ ਹੈ। ਗੁਰੂ ਰਾਮਦਾਸ ਜੀ ਮਹਾਰਾਜ ਸੱਚੀ ਸ਼ਾਹਦੀ ਭਰਦੇ ਹਨ ਕਿ–

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥ (੧੪) (੩੦੮)

ਸੋ ਮਨਮੁਖ ਰਹਿਣਾ ਸੰਸਾਰ ਦੇ ਸਾਰੇ ਪਾਪ ਸਿਰ ਤੇ ਲੈਣ ਵਾਲੀ ਗੱਲ ਹੈ। ਮਨਮੁਖਾਂ ਬੇਸੁਧਿਆਂ ਨੂੰ ਇਹ ਗੱਲ ਸਮਝ ਨਹੀਂ ਆ ਸਕਦੀ। ਜੇ ਓਹ ਸਗੁਰੇ ਹੋ ਕੇ ਨਾਮ ਜਪਣ ਲਗ ਜਾਣ ਤਾਂ ਝਟਾ-ਪੱਟ ਹੀ ਇਸ ਅੜਾਉਣੀ ਦਾ ਹੱਲ ਓਹਨਾਂ ਨੂੰ ਮਿਲ ਜਾਵੇ। ਨਹੀਂ ਤਾਂ ਯਾਦ ਰਖਣ ਕਿ ਅਗੇ ਜਾ ਕੇ ਓਹਨਾਂ ਨੂੰ ਸਾਰੇ ਨਰਕਾਂ ਦੀ ਅਵੱਸ਼ ਸੈਰ ਕਰਨੀ ਪਵੇਗੀ। ਯਥਾ ਗੁਰਵਾਕ–



www.AKJ.Org

ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ, ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥ (੧੦੭੩)

**ਨਿੰਦਕ :** ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥ (੭੫੫)

ਮਨਮੁਖਾਂ ਨੂੰ ਇਹ ਸੋਝੀ ਆਪੋ ਨਹੀਂ ਹੋ ਸਕਦੀ ਕਿ ਨਿੰਦਿਆ ਜੈਸਾ ਖੋਟਾ ਕਰਮ ਹੋਰ ਕੋਈ ਨਹੀਂ। ਓਹਨਾਂ ਦਾ ਸਗੋਂ ਆਹਾਰ ਹੀ ਨਿੰਦਾ ਹੁੰਦਾ ਹੈ। ਜਿਉਂ ਜਿਉਂ ਓਹ ਨਿੰਦਾ ਕਰਦੇ ਹਨ ਤਿਉਂ ਤਿਉਂ ਘੋਰ ਨਰਕਾਂ ਦੇ ਅਧਿਕਾਰੀ ਬਣਦੇ ਜਾਂਦੇ ਹਨ। ਨਿੰਦਕਾਂ ਦਾ ਸਿਵਾਏ ਗੁਰੂ-ਸ਼ਰਨ ਤੋਂ ਹੋਰ ਕੋਈ ਦਾਰੂ ਭੀ ਨਹੀਂ। ਜੈਸੇ ਗੁਰ-ਫੁਰਮਾਨ ਹੈ—

ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥
ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥੨॥ (੨੯) [੩੧੫

ਜਿਸ ਕਿਸੇ ਦੀ ਓਹ ਮਨਮੁਖ ਨਿੰਦਾ ਕਰਦੇ ਹਨ ਉਸ ਦੀ ਸਗੋਂ ਮੈਲ ਧੋਤੀ ਜਾਂਦੀ ਹੈ। ਧੋਤੀ ਹੀ ਨਹੀਂ ਜਾਂਦੀ, ਸਗਵਾਂ ਉਹ ਸਾਰੀ ਮੈਲ ਨਿੰਦਕਾਂ ਨੂੰ ਆ ਚੰਬੜਦੀ ਹੈ ਤੇ ਓਹ ਭਵਜਲ ਵਿਖੇ ਜਾ ਡੁਬਦੇ ਹਨ। ਯਥਾ ਗੁਰਵਾਕ—

ਨਿੰਦਾ ਕਰੈ ਸੁ ਹਮਾਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥੨॥
ਨਿੰਦਾ ਹਮਾਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰ ॥
ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥ (੩੩੯)

ਤਥਾ—ਨਿੰਦਕ ਕਉ ਫਿਟਕੇ ਸੰਸਾਰੁ ॥ ਨਿੰਦਕ ਕਾ ਝੂਠਾ ਬਿਉਹਾਰੁ ॥
ਨਿੰਦਕ ਕਾ ਮੈਲਾ ਆਚਾਰੁ ॥ ਦਾਸ ਅਪੁਨੇ ਕਉ ਰਾਖਨਹਾਰੁ ॥੧॥
ਨਿੰਦਕ ਮੁਆ ਨਿੰਦਕ ਕੈ ਨਾਲਿ॥
ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ ॥੧॥ਰਹਾਉ॥
ਨਿੰਦਕ ਕਾ ਕਹਿਆ ਕੋਇ ਨ ਮਾਨੈ ॥ ਨਿੰਦਕ ਝੂਠੁ ਬੋਲਿ ਪਛੁਤਾਨੇ ॥
ਹਾਥ ਪਛੋਰਹਿ ਸਿਰ ਧਰਨਿ ਲਗਾਹਿ ॥ ਨਿੰਦਕ ਕਉ ਦਈ ਛੋਡੈ ਨਾਹਿ ॥੨॥
ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥ ਨਿੰਦਕ ਕਉ ਲਾਗੈ ਦੁਖ ਸਾਂਗੈ ॥
ਬਗੁਲੇ ਜਿਉ ਰਹਿਆ ਪੰਖ ਪਸਾਰਿ ॥ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ॥੩॥
ਅੰਤਰਜਾਮੀ ਕਰਤਾ ਸੋਇ ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ ॥
ਹਰਿ ਕਾ ਦਾਸੁ ਸਾਚਾ ਦਰਬਾਰਿ॥ਜਨ ਨਾਨਕ ਕਹਿਆ ਤਤੁ ਬੀਚਾਰਿ॥੪॥੫੪॥(੧੧੫੧-੫੨)

**ਰੋਗੀ :** ਮਨਮੁਖੁ ਰੋਗੀ ਹੈ ਸੰਸਾਰਾ ॥
ਸੁਖਦਾਤਾ ਵਿਸਰਿਆ ਅਗਮ ਅਪਾਰਾ ॥੬॥੧੫॥ (੧੧੮)

"ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ"* ਦਾ ਕਾਨੂੰਨ ਜਗਤ ਅੰਦਰ ਹੁਕਮ ਅਨੁਸਾਰ ਵਰਤ ਰਿਹਾ ਹੈ। ਸਰਬ ਸੁਖਾਂ ਦਾ ਦਾਤਾ ਅਗਮ ਅਗੋਚਰ ਵਾਹਿਗੁਰੂ ਜਿਨ੍ਹਾਂ ਨੂੰ ਵਿਸਰ ਗਿਆ, ਉਹ ਮਨਮੁਖ ਹਨ। ਮਨਮੁਖਤਾ ਦਾ ਰੋਗ ਸਾਰੇ ਸੰਸਾਰ ਨੂੰ ਚਿਮੜਿਆ ਹੋਇਆ ਹੈ। ਇਸ ਅਸਾਧ ਰੋਗ ਤੋਂ ਜਾਂ ਸਤਿਗੁਰੂ ਬਚਿਆ ਹੈ ਜਾਂ ਉਸ ਦੀ ਸ਼ਰਨ ਪੈ ਚੁਕੇ ਗੁਰਮੁਖ ਪਿਆਰੇ ਗੁਰੂ ਦੇ ਸਿੱਖ। ਯਥਾ ਗੁਰਵਾਕ—

*ਬਾਰਹਮਾਹ ਮਾਝ ਮ: ੫, ਅੰਕ ੯, ਪੰਨਾ ੧੩੫



www.AKJ.Org

ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ਰਹਾਉ॥
ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥
(੧੧੪੦-੪੧)

ਅਤੇ–ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥ (੧੧੫੩)

**ਇਆਣੇ :** ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥
ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥੩॥੩੭॥ (੧੬੩)

ਆਪ-ਹੁਦਰੇ ਮਨਮੁਖ ਹੰਕਾਰ-ਵੱਸ ਹੋਣ ਕਰਕੇ ਵਾਹਿਗੁਰੂ ਨੂੰ ਪਾਉਣੋਂ ਬਿਲਕੁਲ ਹੀ ਅਸਮਰਥ ਹਨ। ਉਹਨਾਂ ਅਗਿਆਨੀਆਂ ਨੂੰ ਕੀ ਸਾਰ ਹੈ ਸਤਿਗੁਰੂ ਦੀ ਸੇਵਾ ਦੀ। ਉਹ ਤਾਂ ਅਗਿਆਨ-ਵੱਸ ਹੋਣ ਕਰਕੇ ਸਦਾ ਜੰਮਦੇ ਮਰਦੇ ਪਛੋਤਾਪ ਕਰਦੇ ਹੀ ਰਹਿੰਦੇ ਹਨ। ਸਤਿਗੁਰੂ ਦੀ ਸੇਵਾ ਦੀ ਤੱਤ-ਸਾਰ ਤਾਂ ਸਮੁਚੇ ਗੁਰਮੁਖਾਂ ਨੂੰ ਹੀ ਹੋ ਸਕਦੀ ਹੈ, ਜੋ ਸਤਿਗੁਰੂ ਪਾਸੋਂ ਨਾਮ ਦੀ ਦਾਤਿ ਪ੍ਰਾਪਤ ਕਰਕੇ ਸਰਬ ਇੱਛਾਂ ਪੂਰੀਆਂ ਕਰਨ ਵਾਲੇ ਤੇ ਸਰਬ ਫਲਾਂ ਦੀ ਪ੍ਰਾਪਤੀ ਕਰਨ ਵਾਲੇ ਸੱਚੇ ਜਤੀ ਸਤੀ ਤਪੀ ਬਣ ਬੈਠਦੇ ਹਨ। ਯਥਾ ਗੁਰਵਾਕ–

ਸਤਿਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥
ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥੬॥੪੫॥ (੩੧)

**ਅਭਾਗੇ :** ਮਨਮੁਖ ਧਾਤੁ ਦੂਜੈ ਹੈ ਲਾਗਾ ॥
ਜਨਮਤ ਕੀ ਨ ਮੂਓ ਆਭਾਗਾ ॥੯॥ (੧੦੪੫)

ਮਨਮੁਖ ਖੋਟੇ ਭਾਗਾਂ ਵਾਲਾ ਹਰਿ-ਸਿਮਰਨ ਛੱਡ ਕੇ ਦੂਜੇ ਭਾਵ ਵਿਚ ਲਗਾ ਰਹਿੰਦਾ ਹੈ। ਇਸ ਨਾਲੋਂ ਤਾਂ ਜੇ ਉਹ ਜੰਮਦਾ ਹੀ ਮਰ ਜਾਂਦਾ ਤਾਂ ਚੰਗਾ ਰਹਿੰਦਾ, ਕਿਉਂ ਜੁ ਜਿਤਨੀ ਪੂੰਜੀ ਉਹ ਲੈ ਕੇ ਜੰਮਿਆ ਸੀ, ਉਹ ਤਾਂ ਉਸ ਦੀ ਬਚ ਰਹਿੰਦੀ। ਜੋ ਮਨੁਖਾ ਜਨਮ ਨੂੰ ਪਾ ਕੇ ਹਰੀ-ਨਾਮ ਨੂੰ ਵਿਸਾਰ ਬੈਠਦੇ ਹਨ, ਉਹਨਾਂ ਦੀ ਸਮਝੋ, ਕੁਲਾਂ ਹੀ ਗਲਣ ਲਗ ਜਾਂਦੀਆਂ ਹਨ। ਚੰਗਾ ਹੋਵੇ ਜੋ ਐਸੇ ਪੁਰਸ਼ਾਂ ਦੀਆਂ ਮਾਵਾਂ ਵਿਧਵਾ ਹੋ ਜਾਣ, ਤਾਂ ਜੁ ਉਹਨਾਂ ਦੀ ਕੁਲ ਵਿਚ ਕੋਈ ਬੱਚਾ ਨਾ ਜੰਮ ਸਕੇ। ਯਥਾ ਗੁਰਵਾਕ–

ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ, ਤਿਸ ਕੈ ਕੁਲਿ ਲਾਗੀ ਗਾਰੀ ॥
ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ, ਤਿਸੁ ਬਿਧਵਾ ਕਰਿ ਮਹਤਾਰੀ ॥੨॥੧॥
(੧੨੬੩)

ਪੁਨਾ–ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥
ਬਿਧਵਾ ਕਸ ਨ ਭਈ ਮਹਤਾਰੀ ॥੧॥
ਜਿਹ ਨਰ ਰਾਮ ਭਗਤਿ ਨਹਿ ਸਾਧੀ ॥
ਜਨਮਤ ਕਸ ਨ ਮੂਓ ਅਪਰਾਧੀ ॥੧॥ਰਹਾਉ॥
ਮੁਚੁ ਮੁਚੁ ਗਰਭ ਗਏ ਕੀਨ ਬਚਿਆ ॥
ਬੁਡਭੁਜ ਰੂਪ ਜੀਵੇ ਜਗ ਮਝਿਆ ॥੨॥੨੫॥ (੩੨੮)

**ਸੁਆਰਥੀ :** ਮਨਮੁਖ ਆਪ-ਸੁਆਰਥੀ ਕਾਰਜੁ ਨ ਸਕਹਿ ਸਵਾਰਿ ॥
ਨਾਨਕ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰ ॥੨॥ (੩) (੬੪੩)


www.AKJ.Org

ਮਨਮੁਖ ਨਿਰਾ ਖੁਦਗ਼ਰਜ਼ ਹੁੰਦਾ ਹੈ। ਉਸ ਨੇ ਪਰਉਪਕਾਰ ਵਾਲਾ ਕੋਈ ਕੰਮ ਕੀ ਕਰ ਸਕਣਾ ਹੈ ? ਉਹ ਤਾਂ ਆਪਣਾ ਭੀ ਕੁਝ ਸੰਵਾਰ ਨਹੀਂ ਸਕਦਾ। ਉਸ ਦੀ ਪੂਰਬਲੀ ਲਿਖਤ ਹੀ ਐਸੀ ਹੁੰਦੀ ਹੈ ਜਿਸ ਅਨੁਸਾਰ ਉਹ ਪਿਆ ਦੁਖ ਭੋਗਦਾ ਹੈ। ਉਸ ਦੀ ਐਸੀ ਖੋਟੀ ਲਿਖਤ ਨੂੰ ਸਿਵਾਏ ਗੁਰੂ ਤੋਂ ਕੋਈ ਮੇਟ ਨਹੀਂ ਸਕਦਾ। ਜੈਸੇ ਗੁਰ-ਫ਼ਰਮਾਣ ਹੈ—

ਜਿਤ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥
ਕਹੁ ਕਬੀਰ ਜਿਸੁ ਸਤਿਗੁਰ ਭੇਟੈ ਪੁਨਰਪਿ ਜਨਮਿ ਨ ਆਵੈ ॥੪॥੨॥ (੪੭੬)

**ਆਤਮਘਾਤੀ :** ਮਨਮੁਖਿ ਅੰਧੇ ਸੁਧਿ ਨ ਕਾਈ ॥
ਆਤਮ ਘਾਤੀ ਹੈ ਜਗਤ ਕਸਾਈ ॥੪॥ (੧੧੮)

ਮਨਮੁਖ ਅੰਧੇ ਨੂੰ ਕੋਈ ਸੁਧ ਬੁਧ ਨਹੀਂ ਹੁੰਦੀ। ਉਹ ਤੇ ਜਗਤ-ਕਸਾਈ ਆਤਮ-ਘਾਤੀ ਕਹਾਉਂਦਾ ਹੈ। ਜੋ ਨਾਮ ਨਹੀਂ ਜਪਦੇ ਉਹ ਸਮਝੋ ਆਪਣੀ ਆਤਮਾ ਦਾ ਘਾਤ ਕਰ ਰਹੇ ਹਨ। ਉਹਨਾਂ ਨੂੰ ਆਤਮ-ਘਾਤ ਹੋਣ ਦੀ ਸਜ਼ਾ ਅਗੇ ਜ਼ਰੂਰ ਮਿਲੇਗੀ। ਸਬੂਤ ਲਈ ਦੇਖੋ ਗੁਰਵਾਕ—

ਬਿਨੁ ਸਿਮਰਨ ਹੈ ਆਤਮਘਾਤੀ ॥
ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥੭॥੭॥ (੨੩੯)

ਪੁਨਾ—ਦੁਲਭ ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮਘਾਤੀ ॥੧॥੧੧੧॥ (੧੮੮)

**ਲੂਣ-ਹਰਾਮੀ :** ਮਨਮੁਖ ਲੂਣਹਰਾਮ ਕਿਆ ਨ ਜਾਣਿਆ ॥
ਬਧੇ ਕਰਨਿ ਸਲਾਮ ਖਸਮ ਨ ਭਾਣਿਆ ॥੧੧॥ (੧੪੩)

ਮਨਮੁਖ ਅਸਲੀ ਲੂਣ-ਹਰਾਮੀ ਹਨ, ਜੋ ਵਾਹਿਗੁਰੂ ਪਾਸੋਂ ਅਮੋਲਕ ਮਨੁਖਾ ਦੇਹੀ ਨੂੰ ਪਾ ਕਰਕੇ ਉਸ ਨੂੰ ਵਿਸਾਰ ਬੈਠੇ ਹਨ। ਆਪਣੀ ਖ਼ੁਦਗਰਜ਼ੀ ਲਈ ਤਾਂ ਕਈ ਵਾਰੀ ਖਸਮ ਨੂੰ ਬੜਾ ਚੇਤੇ ਕਰਦੇ ਹਨ, ਪਰੰਤੂ ਇਹ ਉਹਨਾਂ ਦੇ ਬਧੇ ਚੱਟੀ ਭਰਨ ਵਾਲੀ ਗਲ ਹੈ। ਉਹ ਕਦੇ ਪਰਮੇਸ਼ਰ ਨੂੰ ਚੰਗੇ ਨਹੀਂ ਲਗ ਸਕਦੇ। ਮਜਬੂਰੀ ਨਾਲ ਕੰਮ ਕਰੀਏ, ਉਸ ਦਾ ਕੋਈ ਲਾਭ ਨਾ ਆਪਣੇ ਆਪ ਨੂੰ ਹੁੰਦਾ ਹੈ ਤੇ ਨਾ ਕਿਸੇ ਹੋਰ ਨੂੰ। ਖੁਸ਼ੀ ਨਾਲ, ਪ੍ਰੇਮ ਨਾਲ ਕੰਮ ਕਰੀਏ ਤਾਂ ਕੰਮ ਚੰਗਾ ਹੁੰਦਾ ਹੈ। ਯਥਾ ਗੁਰਵਾਕ—

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥੭॥ (੭੮੭)

---


# ਅਨਹਦ ਸ਼ਬਦ—ਦਸਮ ਦੁਆਰ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕ ਅਨਹਦ ਸ਼ਬਦ—ਦਸਮ ਦੁਆਰ ਕਿੰਨੇ ਚਿਰ ਤੋਂ ਖਤਮ ਸੀ। ਹੁਣ ਨਵੇਂ ਰੂਪ ਵਿਚ ਛਪ ਗਈ ਹੈ। ਭੇਟਾ ਸੁੰਦਰ ਜਿਲਦ ਸਮੇਤ 6/-

| | | | |
|---|---|---|---|
| ਗੁਰਮਤਿ ਕਰਮ ਫ਼ਿਲਾਸਫ਼ੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੫੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕਲਾ | ੦-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਉਮਰ ਕੈਦੀ ਦਾ ਸੁਪਨਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਸਬਦੁ ਗੁਰ ਪੀਰਾ | ੦-੪੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |





www.AKJ.Org

# ਗੁਰੂ ਗੋਬਿੰਦ ਸਿੰਘ ਜੀ ਅਤੇ ਦੇਵੀ-ਪੂਜਾ

**ਗੁਰੂ ਸਾਹਿਬਾਨ ਦੀ ਤਾਲੀਮ**

ਸਿੱਖ-ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ :–

ਆਸਾ ਮਹਲਾ ੧ (ਪੰਨਾ ੩੫੦)
ਜੇਤਾ ਸਬਦੁ ਸੁਰਤਿ ਧੁਨਿ ਤੇਤੀ, ਜੇਤਾ ਰੂਪੁ ਕਾਇਆ ਤੇਰੀ ॥
ਤੂੰ ਆਪੇ ਰਸਨਾ ਆਪੇ ਬਸਨਾ, ਅਵਰੁ ਨ ਦੂਜਾ ਕਹਉ ਮਾਈ ॥੧॥
ਸਾਹਿਬੁ ਮੇਰਾ ਏਕੋ ਹੈ ॥
ਏਕੋ ਹੈ ਭਾਈ ਏਕੋ ਹੈ ॥੧॥ਰਹਾਉ॥
ਆਪੇ ਮਾਰੇ ਆਪੇ ਛੋਡੈ, ਆਪੇ ਲੇਵੈ ਦੇਇ ॥
ਆਪੇ ਵੇਖੈ ਆਪੇ ਵਿਗਸੈ, ਆਪੇ ਨਦਰਿ ਕਰੇਇ ॥੨॥
ਜੋ ਕਿਛੁ ਕਰਣਾ ਸੋ ਕਰਿ ਰਹਿਆ, ਅਵਰੁ ਨ ਕਰਣਾ ਜਾਈ ॥
ਜੈਸਾ ਵਰਤੈ ਤੈਸੋ ਕਹੀਐ, ਸਭ ਤੇਰੀ ਵਡਿਆਈ ॥੩॥
ਕਲਿ ਕਲਵਾਲੀ ਮਾਇਆ ਮਦੁ ਮੀਠਾ, ਮਨੁ ਮਤਵਾਲਾ ਪੀਵਤੁ ਰਹੈ ॥
ਆਪੇ ਰੂਪ ਕਰੇ ਬਹੁ ਭਾਂਤੀਂ, ਨਾਨਕੁ ਬਪੁੜਾ ਏਵ ਕਹੈ ॥੪॥੫॥

'ਆਸਾ ਦੀ ਵਾਰ' ਦੀ ਪਹਿਲੀ ਹੀ ਪਉੜੀ ਵਿਚ ਆਪ ਫ਼ੁਰਮਾਂਦੇ ਹਨ :–

ਆਪੀਨ੍ਹੈ ਆਪੁ ਸਾਜਿਓ, ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ, ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ, ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥੧॥ (੪੬੩)

**ਸਾਰੇ ਗੁਰੂ ਇਕੋ ਜੋਤਿ–**

ਰਾਮਕਲੀ ਰਾਗ ਵਿਚ ਲਿਖੀ ਸੱਤੇ ਬਲਵੰਡ ਦੀ 'ਵਾਰ' ਵਿਚ ਜ਼ਿਕਰ ਹੈ :–

ਜੋਤਿ ਓਹਾ, ਜੁਗਤਿ ਸਾਇ,
ਸਹਿ ਕਾਇਆ ਫੇਰ ਪਲਟੀਐ॥ (੯੬੬)

**ਗੁਰੂ ਅਮਰ ਦਾਸ ਜੀ**

'ਗੂਜਰੀ ਕੀ ਵਾਰ' ਮ: ੩ ਵਿਚ ਗੁਰੂ ਅਮਰਦਾਸ ਜੀ ਫ਼ੁਰਮਾਂਦੇ ਹਨ :–

ਸਲੋਕ ਮ: ੩ (ਪੰਨਾ ੫੦੯)
ਸਾਹਿਬੁ ਮੇਰਾ ਸਦਾ ਹੈ, ਦਿਸੈ ਸਬਦੁ ਕਮਾਇ ॥
ਓਹੁ ਅਉਹਾਣੀ ਕਦੇ ਨਾਹਿ, ਨਾ ਆਵੈ ਨ ਜਾਇ ॥



www.AKJ.Org

ਸਦਾ ਸਦਾ ਸੋ ਸੇਵੀਐ, ਜੋ ਸਭ ਮਹਿ ਰਹੈ ਸਮਾਇ ॥
ਅਵਰੁ ਦੂਜਾ ਕਿਉ ਸੇਵੀਐ, ਜੰਮੈ ਤੈ ਮਰਿ ਜਾਇ ॥
ਨਿਹਫਲੁ ਤਿਨ ਕਾ ਜੀਵਿਆ, ਜਿ ਖਸਮੁ ਨ ਜਾਣਹਿ ਆਪਣਾ, ਅਵਰੀ ਕਉ ਚਿਤੁ ਲਾਇ ॥
ਨਾਨਕ ਏਵ ਨ ਜਾਪਈ, ਕਰਤਾ ਕੇਤੀ ਦੇਇ ਸਮਾਇ ॥੧॥੨॥

**ਗੁਰੂ ਅਰਜਨ ਸਾਹਿਬ–**

ਰਾਗ ਤਿਲੰਗ ਵਿਚ ਗੁਰੂ ਅਰਜਨ ਸਾਹਿਬ ਫੁਰਮਾਂਦੇ ਹਨ :–

ਤਿਲੰਗੁ ਮਹਲਾ ੫ (ਪੰਨਾ ੭੨੩-੨੪)

ਤੁਧੁ ਬਿਨੁ ਦੂਜਾ ਨਾਹੀ ਕੋਇ ॥ ਤੂ ਕਰਤਾਰੁ ਕਰਹਿ ਸੋ ਹੋਇ ॥
ਤੇਰਾ ਜੋਰੁ ਤੇਰੀ ਮਨਿ ਟੇਕ ॥ ਸਦਾ ਸਦਾ ਜਪਿ ਨਾਨਕ ਏਕ ॥੧॥
ਸਭ ਊਪਰਿ ਪਾਰਬ੍ਰਹਮੁ ਦਾਤਾਰ ॥ ਤੇਰੀ ਟੇਕ ਤੇਰਾ ਆਧਾਰੁ ॥੧॥ਰਹਾਉ॥
ਹੈ ਤੂ ਹੈ ਤੂ ਹੋਵਨਹਾਰ ॥ ਅਗਮ ਅਗਾਧਿ ਊਚ ਅਪਾਰ ॥
ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ॥ਗੁਰ ਪਰਸਾਦਿ ਨਾਨਕ ਗੁਣ ਗਾਹਿ॥੨॥
ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥
ਸਿਮਰਿ ਸਿਮਰਿ ਸਿਮਰਿ ਜਨ ਸੋਇ ।ਨਾਨਕ ਕਰਮਿ ਪਰਾਪਤਿ ਹੋਇ ॥੩॥
ਜਿਨਿ ਜਪਿਆ ਤਿਸ ਕਉ ਬਲਿਹਾਰ ॥ ਤਿਸ ਕੈ ਸੰਗਿ ਤਰੈ ਸੰਸਾਰ ॥
ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ ॥੪॥੨॥

**ਗੁਰੁ ਗੋਬਿੰਦ ਸਿੰਘ ਜੀ–**

ਆਪਣੀ ਬਾਣੀ ਵਿਚ ਗੁਰੂ ਗੋਬਿੰਦ ਸਿੰਘ ਜੀ ਭੀ ਇਹੀ ਫੁਰਮਾਂਦੇ ਹਨ ਕਿ ਸਿਰਫ਼ ਅਕਾਲਪੁਰਖ ਦੀ ਬੰਦਗੀ ਕਰੋ । ਵੇਖੋ ਰਾਗ ਕਲਿਆਨ ਪਾ: ੧੦

ਬਿਨੁ ਕਰਤਾਰ, ਨ ਕਿਰਤਮੁ ਮਾਨਹੁ ॥
ਆਦਿ ਅਜੋਨਿ ਅਜੈ ਅਬਿਨਾਸੀ, ਤਿਹ ਪਰਮੇਸਰੁ ਜਾਨਉ ॥ਰਹਾਉ॥
ਕਹਾ ਭਯੋ ਜਉ ਆਨਿ ਜਗਤ ਮੈ, ਦਸਕ ਅਸੁਰ ਹਰਿ ਘਾਏ ॥
ਅਧਿਕ ਪਰਪੰਚੁ ਦਿਖਾਇ ਸਭਨ ਕਹ, ਆਪਹਿ ਬ੍ਰਹਮੁ ਕਹਾਏ ॥੧॥
ਭੰਜਨ ਗੜ੍ਹਨ ਸਮਰਥੁ ਸਦਾ ਪ੍ਰਭੁ, ਸ਼ੋ ਕਿਮ ਜਾਤਿ ਗਿਣਾਯੋ ॥
ਤਾਂ ਤੇ ਸਰਬ-ਕਲਾ ਕੇ ਅਸਿ ਕੋ, ਘਾਇ ਬਚਾਇ ਨ ਆਯੋ ॥੨॥
ਕੈਸੇ ਤੁਹਿ ਤਾਰਿ ਹੈ ? ਸੁਨਿ ਜੜ੍ਹ ! ਆਪਿ ਡੁਬਿਯੋ ਭਵ ਸਾਗਰਿ ॥
ਛੁਟਿ ਹਹੁ ਕਾਲ ਫਾਸ ਤੇ ਤਬਹੀ, ਗਹਹੁ ਸਰਨਿ ਜਗਤਾਗਰ ॥੩॥੫॥

## (੩) ਸਤਿਗੁਰੂ ਜੀ ਦੇ ਜੀਵਨ-ਲਿਖਾਰੀ

ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਏ ਸਨ ੭ ਅਕਤੂਬਰ ਸੰਨ ੧੭੦੮ ਨੂੰ । ਦੇਸੀ ਮਹੀਨਿਆਂ ਦੇ ਹਿਸਾਬ ਸੀ ਕੱਤਕ ਸੁਦੀ ੫, ਸੰਮਤ ੧੭੬੫ (ਕੱਤਕ ਦੀ ੬ ਤਾਰੀਖ਼) ।

ਸਤਿਗੁਰੂ ਜੀ ਦੇ ਜੀਵਨ-ਲਿਖਾਰੀ ਉਹਨਾਂ ਦੇ ਜੋਤੀ ਜੋਤਿ ਸਮਾਣ ਤੋਂ ੧੦੦ ਸਾਲ ਪਿਛੋਂ ਹੋਏ ਹਨ । ਉਹਨਾਂ ਦੇ ਨਾਮ ਇਉਂ ਹਨ :–

ੳ) ਭਾਈ ਸੁਖਾ ਸਿੰਘ – 'ਗੁਰ-ਬਿਲਾਸ'



www.AKJ.Org

ਅ) ਭਾਈ ਸੰਤੋਖ ਸਿੰਘ – 'ਗੁਰ-ਪ੍ਰਤਾਪ ਸੂਰਜ ਪ੍ਰਕਾਸ਼'

ੲ) ਬਾਵਾ ਸੁਮੇਰ ਸਿੰਘ – 'ਗੁਰ-ਬਿਲਾਸ'

ਸ) ਗਿਆਨੀ ਗਿਆਨ ਸਿੰਘ – 'ਪੰਥ ਪ੍ਰਕਾਸ਼'

ਇਹਨਾਂ ਲਿਖਾਰੀਆਂ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਪੰਥ' ਸਾਜਣ ਵੇਲੇ ਪਹਿਲਾਂ ਦੇਵੀ ਪਰਗਟ ਕੀਤੀ ਸੀ।

ਪਰ ਸਤਿਗੁਰੂ ਜੀ ਦੇ ਸਮਕਾਲੀ ਲਿਖਾਰੀ ਕਵੀ ਸੈਨਾਪਤੀ ਨੇ ਆਪਣੀ ਰਚਨਾ ਵਿਚ ਕੋਈ ਜ਼ਿਕਰ ਨਹੀਂ ਕੀਤਾ।

## (੩) ਦੇਵੀ ਪਰਗਟ ਕਰਨ ਦੀ ਕਹਾਣੀ ਕਿਵੇਂ ਚੱਲ ਪਈ ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਸ਼ਬਦ ਗਲਤ ਸਮਝ ਕੇ ਕਈ ਵਿਦਵਾਨ ਲਿਖਾਰੀਆਂ ਨੇ ਉਹਨਾਂ ਬਾਰੇ ਅਜੀਬ ਅਜੀਬ ਕਹਾਣੀਆਂ ਲਿਖ ਦਿਤੀਆਂ, ਜੋ ਸਿੱਖ ਸੰਗਤਾਂ ਵਿਚ ਪਰਚਲਤ ਹੋ ਚੁਕੀਆਂ ਹਨ, ਜਿਵੇਂ ਕਿ :–

ੳ) ਇਕ ਕੋਹੜੀ ਨੂੰ ਕਬੀਰ ਜੀ ਦੀ ਵਹੁਟੀ ਨੇ ਆਖਿਆ ਕਿ ਆਪਣਾ ਰੋਗ ਦੂਰ ਕਰਨ ਲਈ ਤੂੰ ਤਿੰਨ ਵਾਰੀ 'ਰਾਮ' ਆਖ। ਜਦੋਂ ਕਬੀਰ ਜੀ ਨੂੰ ਪਤਾ ਲੱਗਾ ਤਾਂ ਉਹ ਆਪਣੀ ਵਹੁਟੀ ਤੇ ਗੁੱਸੇ ਹੋ ਗਏ। ਜਿਸ ਸ਼ਬਦ ਬਾਰੇ ਇਹ ਕਹਾਣੀ ਹੈ ਉਹ ਰਾਗ ਆਸਾ ਵਿਚ ਹੈ :–

ਕਰਵਤੁ ਭਲਾ, ਨ ਕਰਵਟ ਤੇਰੀ।

ਅ) ਸ਼ੇਖ ਫਰੀਦ ਜੀ ਬਾਰੇ ਸਿੱਖਾਂ ਵਿਚ ਇਹ ਖਿਆਲ ਆਮ ਪ੍ਰਚਲਤ ਹੈ ਕਿ ਉਹ ਆਪਣੇ ਪੱਲੇ ਕਾਠ ਦੀ ਰੋਟੀ ਬੰਨ੍ਹੀ ਫਿਰਦੇ ਸਨ। ਅਤੇ ਫਰੀਦ ਜੀ ਪੁੱਠੇ ਲਟਕ ਕੇ ਤਪ ਕਰਦੇ ਸਨ। ਉਹ ਸਲੋਕ ਜਿਨ੍ਹਾਂ ਦੇ ਆਧਾਰ ਤੇ ਇਹ ਕਹਾਣੀਆਂ ਪਰਚਲਤ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਅਤੇ ਇਉਂ ਹਨ :–

੧) ਫਰੀਦਾ ਰੋਟੀ ਮੇਰੀ ਕਾਠ ਕੀ

੨) ਫਰੀਦਾ ਤਨੁ ਸੁਕਾ ਪਿੰਜਰੁ ਥਿਆ, ਤਲੀਆ ਖੂੰਡਹਿ ਕਾਗ ॥

ਇਹਨਾਂ ਸਲੋਕਾਂ ਨੂੰ ਤੇ ਸ਼ਬਦ ਨੂੰ ਗਲਤ ਸਮਝ ਕੇ ਇਹ ਗਲਤ ਕਹਾਣੀਆਂ ਚਲਾਈਆਂ ਗਈਆਂ। ਇਸੇ ਤਰ੍ਹਾਂ,

ਗੁਰੂ ਗੋਬਿੰਦ ਸਿੰਘ ਜੀ ਦੇ ਹੇਠ ਲਿਖੇ ਵਰਤੇ ਲਫ਼ਜ਼ਾਂ ਤੋਂ ਦੇਵੀ ਬਾਰੇ ਕਹਾਣੀ ਚੱਲ ਪਈ–

੧) 'ਭਗਉਤੀ' – ਪ੍ਰਥਮ ਭਗਉਤੀ ਸਿਮਰਿ ਕੈ – ਅਰਦਾਸ ਵਿਚ।

੨) 'ਕਾਲਕਾ' – ਤਹ ਹਮ ਅਧਿਕ ਤਪਸਿਆ ਸਾਧੀ।

ਮਹਾ ਕਾਲ ਕਾਲਕਾ ਅਰਾਧੀ – ਬਚਿਤ੍ਰ ਨਾਟਕ।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਇਹ ਲਫ਼ਜ਼ ਪੜ੍ਹ ਕੇ ਦੋ ਭੁਲੇਖੇ ਸਿੱਖ ਹਿਰਦਿਆਂ ਵਿਚ ਬਣੇ ਆ ਰਹੇ ਹਨ–

ੳ) ਸਤਿਗੁਰੂ ਜੀ 'ਸ਼ਸਤ੍ਰ-ਪੂਜਾ' ਸਿਖਾਂ ਗਏ ਹਨ।

ਅ) ਸਤਿਗੁਰੂ ਜੀ ਨੇ 'ਖਾਲਸਾ ਪੰਥ' ਸਾਜਣ ਵੇਲੇ ਪਹਿਲਾਂ 'ਦੇਵੀ' ਪਰਗਟ ਕੀਤੀ ਸੀ।

## (੪) ਇਹ ਭੁਲੇਖੇ ਹੱਲ ਕਰਨ ਵਾਸਤੇ ਤਰੀਕਾ–

ਇਨ੍ਹਾਂ ਭੁਲੇਖਿਆਂ ਨੂੰ ਦੂਰ ਕਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਗਹੁ ਨਾਲ ਵਿਚਾਰਨ ਦੀ ਲੋੜ ਹੈ। ਕੁਝ ਖਾਸ ਗੱਲਾਂ ਦਾ ਚੇਤਾ ਰੱਖਣਾ ਜ਼ਰੂਰੀ ਹੈ–



www.AKJ.Org

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ 'ਛੰਦ' (metre) ਆਮ ਤੌਰ ਤੇ 'ਵੈਰਾਗ' 'ਬਿਰਹੋਂ' ਤੇ 'ਪਿਆਰ' ਦੇ ਹੁਲਾਰੇ ਪੈਦਾ ਕਰਦੇ ਹਨ।

ਪਰ ਸਾਡਾ ਦੇਸ ਗੁਲਾਮੀ ਹੇਠ ਨੱਪਿਆ ਪਿਆ ਸੀ। ਇਸ ਪਰ-ਅਧੀਨਤਾ ਨੂੰ ਦੂਰ ਕਰਨ ਵਾਸਤੇ ਤਿਆਰੀ ਦੀ ਬਹੁਤ ਲੋੜ ਸੀ। ਦੇਸ਼-ਵਾਸੀਆਂ ਵਿਚ ਬੀਰ-ਰਸ ਭਰਨਾ ਸੀ। ਫ਼ੌਜੀ ਕਵਾਇਦ ਤੇ ਸ਼ਬਦਾਂ ਦਾ ਅਭਿਆਸ ਸ਼ੁਰੂ ਕਰਾਇਆ। ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ 'ਛੰਦ' ਜੋਸ਼ੀਲਾ ਵਰਤਿਆ। 'ਛੰਦ' ਉਹ ਵਰਤੇ ਜੋ ਉਭਾਰਨ ਵਾਲੇ ਸਨ, ਜਿਵੇਂ ਫ਼ੌਜੀ ਚੜ੍ਹਤ ਵੇਲੇ ਦੀ 'ਬੈਂਡ' ਦੀ ਸੁਰ।

ਮਿਸਾਲ ਦੇ ਤੌਰ ਤੇ :—

ੳ) ਭਯੰਗ ਪ੍ਰਯਾਤ ਛੰਦ—ਸੱਪ ਦੀ ਚਾਲ ਵਾਲਾ ,ਛੰਦ :

ਧਨੈ ਨਿਸ਼ਕੁਲੀਨਾ ਕੁਲੀਨ ਭਵੰਤੀ ॥ ਧਨੈ ਰਾਪਦਮ ਮਾਨਵਾ ਨਿਸਤਰੰਤੀ ॥
ਧਨੈਭਿਆ ਪਰੋ ਬਾਂਧਵੋ ਨਾਸਤੀ ਲੋਕੇ ॥ ਧਨਾਨਿਜਰ ਜਯਧਵੰ ਧਨਾਨਿਜਰ ਜਯਧਵੰ॥

ਹੁਣ ਵੇਖੋ ਇਹ ਛੰਦ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਅਕਾਲ ਉਸਤਤਿ' ਵਿਚ—

ਕਹੂੰ ਕੰਜ ਕੇ ਮੰਜ ਕੇ ਭਰਮ ਭੂਲੇ ॥
ਕਹੂੰ ਰੰਕ ਕੇ ਰਾਜ ਕੇ ਧਰਮ ਅਲੂਲੇ ॥
ਕਹੂੰ ਦੇਸ ਕੇ ਭੇਸ ਕੇ ਧਰਮ ਧਾਮੇ ॥
ਕਹੂੰ ਰਾਜ ਕੇ ਸਾਜ ਕੇ ਬਾਜ ਤਾਮੇ ॥੧੬॥੧੦੬॥

ਅ) 'ਪੰਚ-ਚਾਮਰ' ਛੰਦ—

ਸੁਰ-ਦ੍ਰ-ਮੁਕਤ ਮੰਡਪੇ ਵਿਚਿਤ੍ਰ ਨਿਰਮਤੇ,
ਲਸਦ੍ਵਿਤਾਨ ਭੂਸ਼ਤੇ, ਸਲੀਲ ਵਿਭ੍ਰਮਾਲਸੰ ॥
ਸੁਰੰਗਨਾ ਭਵੱਲਵੀ ਕਰ ਪ੍ਰਪੰਚ ਮਾਮਰ,
ਸਫੁਰਤ ਸਮੀਰ ਵੀਜਤਮ ਤਦਾਚਯਤੰ ਭਜਾਮਿਤੰ ॥

ਇਹੀ ਛੰਦ ਵੇਖੋ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਅਕਾਲ ਉਸਤਤਿ' ਵਿਚ—

ਅਨਾਥ ਨਾਥ ਹੈ, ਅਭੰਜ ਭੰਜ ਹੈ ਸਦਾ ॥
ਅਗੰਜ ਗੰਜ ਗੰਜਹੈ, ਸਦੀਵ ਸਿੱਧਿ ਬ੍ਰਿਧਿ-ਦਾ ॥
ਅਨੂਪ ਰੂਪ ਸਰੂਪ ਹੈ, ਅਛਿੱਜ ਤੇਜ ਮਾਨੀਐ ॥
ਸਦੀਵ ਸਿੱਧਿ ਸੁਧਿ ਦਾ, ਪ੍ਰਤਾਪ-ਪੱਤ੍ਰ ਜਾਨੀਐ ॥੨॥੧੬੨॥

(੨) ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਲਫ਼ਜ਼ ਭੀ ਉਹ ਵਰਤੇ ਹਨ ਜੋ ਉਭਾਰਨ ਵਾਲੇ ਹਨ, ਤੇ ਮੌਤ ਨਿਡਰ ਬਣਨ ਵਿਚ ਬਹੁਤ ਸਹਾਇਤਾ ਕਰਦੇ ਹਨ।

ੳ) ਅਕਾਲ ਪੁਰਖ ਨੂੰ 'ਸ੍ਰੀ ਕਾਲ' ( = ਮੌਤ) ਆਖਿਆ ਹੈ।

(ਵੇਖੋ 'ਬਚਿਤ੍ਰ ਨਾਟਕ' ਵਿਚ ਬਾਣੀ 'ਸ੍ਰੀ ਕਾਲ ਜੀ ਕੀ ਉਸਤਤਿ')।

ਕਾਲ ਹੀ ਪਾਇ ਭਯੋ ਭਗਵਾਨ, ਸੁ ਜਾਗਤ ਯਾ ਜਗੁ ਜਾ ਕੀ ਕਲਾ ਹੈ ॥
ਕਾਲ ਹੀ ਪਾਇ ਭਯੋ ਬ੍ਰਹਮਾ ਸ਼ਿਵ, ਕਾਲ ਹੀ ਪਾਇ ਭਯੋ ਜੁਗੀਆ ਹੈ ॥
ਕਾਲ ਹੀ ਪਾਇ ਸੁਰਾਸੁਰ ਗੰਧ੍ਰਬ, ਜੱਛ ਭੁਯੰਗ ਦਿਸ਼ਾ ਬਿਦਿਸ਼ਾ ਹੈ ॥
ਔਰ ਸੁ ਕਾਲ, ਸਭੈ ਬਸਿ ਕਾਲ ਕੈ, ਏਕ ਹੀ 'ਕਾਲ' ਅਕਾਲ ਸਦਾ ਹੈ ॥੮੪॥(੧)

(ਅ) 'ਸ੍ਰੀ ਕਾਲ' ਜੀ ਦਾ ਸੁੰਦਰ ਰੂਪ (ਜਮਾਲ) ਤੇ ਭਿਆਨਕ ਰੂਪ (ਜਲਾਲ) ਦੋਵੇਂ ਬਿਆਨ



www.AKJ.Org

ਕੀਤੇ ਹਨ :—

ਜਮਾਲ—ਕਹੂੰ ਫੂਲ ਹ੍ਵੈ ਕੈ ਭਲੇ ਰਾਜ ਫੂਲੇ ॥ ਕਹੂੰ ਭਵਰ ਹ੍ਵੈ ਕੈ ਭਲੀ ਭਾਂਤਿ ਭੂਲੇ ॥
ਕਹੂ ਪਵਨ ਹ੍ਵੈ ਕੈ ਬਹੇ ਬੇਗਿ ਐਸੇ ॥ ਕਹੈ ਮੋ ਨ ਆਵੈ, ਕਥੌਂ ਤਾਂਹਿ ਕੈਸੇ ॥੧੨॥
ਜਲਾਲ—ਡਮਾ ਡਮ ਡਉਰੂ ਸਿਤਾ ਸੇਤ ਛੱਤ੍ਰੰ ॥ ਹਾਹਾ ਹੂਹ ਹਾਸੰ ਝਮਾ ਝੰਮ ਅਤ੍ਰੰ ॥
ਮਹਾ ਘੋਰ ਸਬਦੰ, ਬਜੇ ਸੰਖ ਐਸੇ ॥ ਪ੍ਰਲੈ ਕਾਲ ਕੇ ਕਾਲ ਹੀ ਜ੍ਵਾਲ ਜੈਸੇ ॥੧੯॥

(ੲ) 'ਸ੍ਰੀ ਕਾਲ' ਜੀ ਨੂੰ ਸ਼ਸਤ੍ਰ-ਧਾਰੀ ਲਿਖਿਆ ਹੈ —
'ਕਰੰ ਬਾਮ ਚਾਪਯੰ, ਕ੍ਰਿਪਾਣੰ ਕਰਾਲੰ ॥ ਮਹਾ ਤੇਜ ਤੇਜੰ ਬਿਰਜੈ ਬਿਸਾਲੰ ॥
ਮਹਾ ਦਾੜ੍ਹ ਦਾੜ੍ਹੰ ਸੁ ਸੋਹੰ ਅਪਾਰੰ ॥ ਜਿਨੈ ਚਰਬੀਅੰ ਜੀਵ ਜਗਯੰ ਹਜਾਰੰ ॥੧੮॥

(ਸ) ਸ਼ਸਤ੍ਰ 'ਮੌਤ-ਰੂਪ' ਹਨ । ਇਸ ਵਾਸਤੇ ਸ਼ਸਤ੍ਰਾਂ ਨੂੰ 'ਸ੍ਰੀ ਕਾਲ' ਜੀ ਦਾ ਨਾਮ ਦਿੱਤਾ ਹੈ :—
੧) ਖਗ ਖੰਡ ਬਿਹੰਡੰ, ਖਲ ਦਲ ਖੰਡੰ, ਅਤਿ ਰਣ ਮੰਡੰ, ਬਰਬੰਡੰ ॥
ਭੁਜਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ ਪ੍ਰਭੰ ॥
ਸੁਖ ਸੰਤਹ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸਿ ਸਰਣੰ ॥
ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ ॥੨॥

ਨੋਟ :—ਪਰਮਾਤਮਾ ਦੀ ਉਸਤਤਿ ਕਰਦਿਆਂ ਉਸ ਨੂੰ 'ਅਸਿ' ਅਤੇ 'ਤੇਗ' ਭੀ ਆਖਿਆ ਹੈ। ਇਹਨਾਂ ਦਾ ਅਰਥ ਹੈ 'ਤਲਵਾਰ'।

੨) ਕਾਗਦ ਦੀਪ ਸਭੈ ਕਰਿ ਕੈ, ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈ ਹੋ ॥
ਕਾਟਿ ਬਨਾਸਪਤੀ ਸਗਰੀ, ਲਿਖਬੇ ਹੂੰ ਕੇ ਲੇਖਨਿ ਕਾਜ ਬਨੈ ਹੋ ॥
ਸਾਰਸੁਤੀ ਬਕਤਾ ਕਰਿ ਕੈ, ਜੁਗ ਕੋਟਿ ਗਨੇਸ਼ ਕੈ ਹਾਥਿ ਲਿਖੈ ਹੋ ॥
'ਕਾਲ'! 'ਕ੍ਰਿਪਾਣ'! ਬਿਨਾ ਬਿਨਤੀ, ਨ ਕਊ ਤੁਮ ਕੋ, 'ਪ੍ਰਭ'! ਨੈਕ ਰਿਝੈ ਹੋ ॥੧੦੧॥

ਨੋਟ :—ਏਥੇ ਪ੍ਰਭੂ ਨੂੰ 'ਕਾਲ' ਅਤੇ 'ਕ੍ਰਿਪਾਣ' ਭੀ ਆਖਿਆ ਹੈ।

੩) ਨਮੋ ਚੱਕ੍ਰ-ਪਾਣੰ ॥ ਅਭੂਤੰ ਭਯਾਣੰ ॥ ਨਮੋ ਉਗ੍ਰ-ਦਾੜ੍ਹੰ ॥ ਮਹਾਗ੍ਰਿਸ਼ਟ ਗਾੜ੍ਹੰ ॥੮੯॥
ਨਮੋ ਤੀਰ ਤੋਪੰ ॥ ਜਿਨੈ ਸਤ੍ਰ ਘੋਪੰ ॥ ਨਮੋ ਧੋਪ ਪਟੰ ॥ ਜਿਨੈ ਦੁਸ਼ਟ ਦਟੰ ॥੯੦॥
ਜਿਤੇ ਸ਼ਸਤ੍ਰ ਨਾਮੰ ॥ ਨਮਸਕਾਰ ਤਾਮੰ ॥ ਜਿਤੇ ਅਸਤ੍ਰ ਭੇਯੰ ॥ ਨਮਸਕਾਰ ਤੇਯੰ ॥੯੧॥

ਨੋਟ :—ਜਿਸ ਨੂੰ ਸ਼ਸਤ੍ਰਾਂ ਦੇ ਨਾਮ ਦੇ ਰਹੇ ਹਨ, ਉਸਦਾ ਸਰੂਪ ਇਉਂ ਬਿਆਨ ਕਰਦੇ ਹਨ :—
ਨਮੋ ਖੱਗ ਖੰਡੰ ਕ੍ਰਿਪਾਣ ਕਟਾਰੰ ॥ ਸਦਾ ਏਕ-ਰੂਪੰ ਸਦਾ ਨਿਰ-ਬਿਕਾਰੰ ॥
ਨਮੋ ਬਾਣ-ਪਾਣੰ ਨਮੋ ਦੰਡ-ਧਾਰਯੰ ॥ ਜਿਨੈ ਚੌਦਹੂੰ ਲੋਕ ਜੋਤੰ ਬਿਥਾਰਯੰ ॥

ਨੋਟ :—ਇਹ ਸਾਰੇ ਛੰਦ 'ਸ੍ਰੀ ਕਾਲ ਜੀ ਦੀ ਉਸਤੰਤਿ' ਵਾਲੇ ਪਹਿਲੇ ਅਧਿਆਇ ਵਿਚ ਹਨ।

੪) ਹੁਣ ਲਵੋ ਲਫਜ਼ **'ਭਗਉਤੀ'**—
ਇਹ ਲਫਜ਼ ਆਇਆ ਹੈ 'ਵਾਰ ਸ੍ਰੀ ਭਗੌਤੀ ਜੀ ਕੀ' ਵਿਚ।
ਲਫਜ਼ 'ਭਗੌਤੀ' ਦਾ ਅਰਥ 'ਤਲਵਾਰ' ਭੀ ਹੈ। ਆਪ ਲਿਖਦੇ ਹਨ—
ਦੁਹਾਂ ਕੰਧਾਰਾਂ ਮੁਹ ਜੁੜੇ ਨਾਲ ਧੌਂਸਾ ਭਾਰੀ ॥
ਲਈ ਭਗੌਤੀ ਦੁਰਗਸ਼ਾਹ ਵਰਜਾਗਨ ਭਾਰੀ ॥
ਲਾਈ ਰਾਜੇ ਸੁੰਭ ਨੂੰ ਰਤ ਪੀਏ ਪਿਆਰੀ ॥
ਸੁੰਭ ਪਲਾਣੋ ਡਿੱਗਿਆ, ਉਪਮਾ ਬੀਚਾਰੀ ॥


www.AKJ.Org

ਜਾਣੁ ਰਜ਼ਾਦੀ ਨਿਕਲੀ ਪਹਨਿ ਸੂਹੀ ਸਾਰੀ ਸਾੜੀ (॥੬॥)

ਪਰ ਤੁਕ "ਪ੍ਰਥਮ ਭਗੌਤੀ ਸਿਮਰਿ ਕੈ" ਵਿਚ ਲਫਜ਼ 'ਭਗੌਤੀ' ਦਾ ਅਰਥ 'ਤਲਵਾਰ' ਨਹੀਂ ਹੈ। ਇਥੇ ਸ਼ਸਤ੍ਰ-ਪੂਜਾ ਨਹੀਂ ਹੈ। ਜਿਸ ਨੂੰ 'ਭਗੌਤੀ' ਆਖਿਆ ਹੈ ਉਸ ਨੂੰ ਦੂਜੀ ਪਉੜੀ ਵਿਚ ਇਉਂ ਆਖਦੇ ਹਨ :—

ਖੰਡਾ ਪ੍ਰਥਮੈ ਸਾਜਿ ਕੈ, ਜਿਨਿ ਸਭੁ ਸੰਸਾਰੁ ਉਪਾਇਆ ॥
*ਬ੍ਰਹਮਾ ਬਿਸਨ ਮਹੇਸ ਸਾਜਿ, ਕੁਦਰਤਿ ਦਾ ਖੇਲੁ ਰਚਾਇ ਬਣਾਇਆ ॥
ਸਿੰਧ ਪਰਬਤ ਮੇਦਨੀ, ਬਿਨੁ ਥੰਮ੍ਹਾ ਗਗਨੁ ਰਹਾਇਆ ॥
ਸਿਰਜੇ ਦਾਨੋ ਦੇਵਤੇ, ਤਿਨ ਅੰਦਰਿ ਬਾਦੁ ਰਚਾਇਆ ॥
ਤੈ ਹੀ ਦੁਰਗਾ ਸਾਜਿ ਕੈ, ਦੈਤਾ ਦਾ ਨਾਸ ਕਰਾਇਆ ॥
ਤੈਥੋਂ ਹੀ ਬਲੁ ਰਾਮ ਲੈ, ਨਾਲਿ ਬਾਣਾ ਦਹਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸ਼ਨ ਲੈ, ਕੰਸੁ ਕੇਸੀ ਪਕੜਿ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ, ਕਈ ਜੁਗ ਤਿਨੀ ਤਨੁ ਤਾਇਆ ॥
ਕਿਨੀ ਤੇਰਾ ਅੰਤੁ ਨ ਪਾਇਆ ॥੨॥

(੬) ਲਫਜ਼ **'ਕਾਲਕਾ'**—

(ੳ) ਵੇਖੋ 'ਬਚਿਤ੍ਰ ਨਾਟਕ', ਛੇਵਾਂ ਅਧਿਆਇ—

ਅਬ ਮੈ ਅਪਨੀ ਕਥਾ ਬਖਾਨੋਂ ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮਕੁੰਟ ਪਰਬਤ ਹੈ ਜਹਾਂ ॥ ਸਪਤ ਸ੍ਰਿੰਗ ਸੋਭਤ ਹੈ ਤਹਾਂ ॥੧॥
ਸਪਤ ਸ੍ਰਿੰਗ ਤਿਹ ਨਾਮ ਕਹਾਵਾ ॥ ਪੰਡ ਰਾਜ ਜਿਹ ਜੋਗ ਕਮਾਵਾ ॥
ਤਹ ਹਮ ਅਧਿਕ ਤਪੱਸਿਆ ਸਾਧੀ ॥ ਮਹਾ ਕਾਲ 'ਕਾਲਕਾ' ਅਰਾਧੀ ॥੨॥
ਇਹ ਬਿਧਿ ਕਰਤ ਤਪੱਸਿਆ ਭਯੋ ॥ ਦ੍ਵੈ ਤੇ ਏਕ ਰੂਪ ਹੈ ਗਯੋ ॥
ਤਾਤ ਮਾਤ ਮੁਰ ਅਲੱਖ ਅਰਾਧਾ ॥ ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥
ਤਿਨ ਜੋ ਕਰੀ ਅਲੱਖ ਕੀ ਸੇਵਾ ॥ ਤਾਂ ਤੇ ਭਏ ਪ੍ਰਸੰਨ ਗੁਰਦੇਵਾ ॥
ਤਿਨਿ ਪ੍ਰਭ ਜਬ ਆਇਸ ਮੋਹਿ ਦੀਆ ॥ ਤਬ ਹਮ ਜਨਮ ਕਲੂ ਮਹਿ ਲੀਆ ॥੪॥

ਇਥੇ ਹੀ 'ਕਾਲਕਾ' ਦੇ ਸੰਬੰਧ ਵਿਚ ਲਫਜ਼ 'ਦ੍ਵੈ', 'ਅਲੱਖ' ਅਤੇ 'ਪ੍ਰਭ' ਸਾਫ ਦਸਦੇ ਹਨ ਕਿ ਇਹ ਲਫਜ਼ 'ਕਾਲਕਾ' 'ਮਹਾਕਾਲ' ਵਾਸਤੇ ਹੈ, 'ਅਕਾਲ ਪੁਰਖ' ਵਾਸਤੇ ਹੈ।

(ਅ) ਭਾਈ ਗੁਰਦਾਸ ਜੀ 'ਦੂਜੇ' ਲਿਖਦੇ ਹਨ—

ਗੁਰਿ ਸਿਮਰਿ ਮਨਾਈ 'ਕਾਲਕਾ' ਖੰਡੇ ਕੀ ਵੇਲਾ ॥

ਇਥੇ 'ਕਾਲਕਾ' ਉਹ ਸ਼ਸਤ੍ਰ ਹੈ ਜਿਸ ਦੀ ਧਾਰ (ਵੇਲਾ) ਖੰਡੇ ਦੀ ਹੈ। ਜਿਵੇਂ 'ਭਗੌਤੀ' 'ਤਲਵਾਰ' ਦਾ ਨਾਮ ਹੋ ਕੇ 'ਸ੍ਰੀ ਕਾਲ' ਜੀ ਦਾ ਨਾਮ ਹੈ, ਤਿਵੇਂ ਇਹ ਲਫਜ਼ ਕਾਲਕਾ।

(ੲ) 'ਭਗੌਤੀ ਸਤੋਤ੍ਰ' ਵਿਚ 'ਭਗੌਤੀ' ਨੂੰ 'ਲੋਹ-ਪੁਤ੍ਰੀ' ਆਖ ਕੇ ਇਸ ਨੂੰ 'ਮਹਾਕਾਲ' ਕੀ 'ਕਾਲਕਾ' ਹੀ ਆਖਦੇ ਹਨ—

---

*ਬ੍ਰਹਮਾ, ਵਿਸ਼ਨੂੰ, ਸ਼ਿਵ, ਰਾਮ, ਕ੍ਰਿਸਨ ਆਦਿਕ ਅਤੇ ਸਾਰੀ ਕੁਦਰਤ ਤੇ ਕਾਇਨਾਤ ਨੂੰ ਸਾਜਣ ਵਾਲੇ ਪ੍ਰਭੂ ਲਈ ਪਹਿਲੀ ਪਉੜੀ ਵਿਚ 'ਭਗਉਤੀ' ਸ਼ਬਦ ਵਰਤਿਆ ਹੋਇਆ ਹੈ।



www.AKJ.Org

ਨਮੋ ਸ੍ਰੀ ਭਗੌਤੀ ਬਢੇਲੀ ਸਰੋਹੀ ॥ ਕਰੇ ਏਕ ਤੇ ਦ੍ਵੈ ਸੁਭਟ ਹਾਥ ਸੋਹੀ ॥
ਨਮੋ ਲੋਹ-ਪੁਤ੍ਰੀ ਅਛੇਹੰ ਰਹੰਤੀ ॥ ਨਮੋ ਜੀਭ ਜੁਆਲਾ-ਮੁਖੀ ਜਯੋਂ ਬਲੰਤੀ ॥੧॥...
ਨਮੋ ਤੇਜ ਮੰਡਾ ਦੁਖੰਡਾ ਦੁਧਾਰੀ ॥ ਮਹਾ ਸਤ੍ਰ-ਬਨ ਕੋ ਮਹਾ ਭੀਮ ਆਰੀ ॥
'ਮਹਾਕਾਲ' ਕੀ 'ਕਾਲਕਾ' ਕਾਲ-ਕ੍ਰੁਧੰ ॥ ਮਹਾ ਵਿਸਹੀ ਬ੍ਰਿਧਿਦਾ ਅਰਧ ਉਰਧੰ ॥੩॥

(ਸ) 'ਭਗੌਤੀ ਚਰਿਤ੍ਰ' ਵਿਚ 'ਭਗੌਤੀ' ¯ ਨੂੰ ਅਕਾਲ ਪੁਰਖ ਦੇ ਗੁਣ ਦੇ ਕੇ 'ਕਾਲਕਾ' ਨਾਮ ਦੇਂਦੇ ਹਨ–

ਤੁਹੀ ਖੜਕ-ਧਾਰਾ ਤੁਹੀ ਬਾਢਵਾਰੀ ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥
ਹਲੱਬੀ ਜੁਨੱਬੀ ਮਗਰਬੀ ਤੁਹੀ ਹੈਂ ॥ ਨਿਹਾਰੋਂ ਜਹਾਂ ਆਪ ਠਾਢੀ ਵਹੀ ਹੈਂ ॥੧॥
ਤੁਹੀ ਰਾਮ ਹ੍ਵੈ ਕੈ ਹਠੀ ਦੈਤ ਘਾਯੋ ॥ ਤੁਮੀ ਕ੍ਰਿਸ਼ਨ ਹ੍ਵੈ ਕੰਸ ਕੇਸੀ ਖਪਾਯੋ ॥
ਤੁਹੀ ਜਾਲਪਾ 'ਕਾਲਕਾ' ਕੈ ਬਖਾਨੀ ॥ ਤੁਹੀ ਚੌਦਹੂ ਲੋਕ ਕੀ ਰਾਜਧਾਨੀ ॥੬॥

(੭) ਪ੍ਰਸ਼ਨ--ਭਗੌਤੀ ਨੂੰ ਇਸਤ੍ਰੀ-ਰੂਪ ਵਿਚ ਸੰਬੋਧਨ ਕੀਤਾ ਹੈ, ਤੇ 'ਕਾਲਕਾ' ਭੀ ਆਖਿਆ ਹੈ। ਇਹ ਕੌਣ ਹੈ ? ਕੀ ਇਹ ਦੇਵੀ ਨਹੀਂ ?

ਉੱਤਰ--'ਭਗੌਤੀ ਚਰਿਤ੍ਰ' ਵਿਚ ਹੇਠ ਲਿਖਿਆ ਸਵਈਆ ਮਿਲਦਾ ਹੈ–

ਮੇਰੁ ਕਰਹੁ ਤ੍ਰਿਣ ਤੇ ਮੁਹਿ ਜਾਹਿ, ਗਰੀਬ ਨਿਵਾਜ ਨ ਦੂਸਰੁ ਤੋ ਸੋ ॥
ਭੂਲ ਛਿਮੋ ਹਮਰੀ, ਪ੍ਰਭ ! ਆਪਨ, ਭੂਲਨਹਾਰੁ ਕਹੂੰ ਕੋਊ ਮੋ ਸੋ ॥
ਸੇਵ ਕਰੀ ਤੁਮਰੀ, ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋਸੋ ॥
ਯਾ ਕਲਿ ਮਹਿ ਸਭ, ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ ॥੯੩॥

ਇਹੀ ਸਵਈਆ ਮਿਲਦਾ ਹੈ 'ਸ੍ਰੀ ਕਲ ਜੀ ਕੀ ਉਸਤਤਿ' (ਬਚਿਤ੍ਰ ਨਾਟਕ) ਵਿਚ।

**ਸੋ. ਇਹ 'ਭਗੌਤੀ' ਤੇ 'ਕਾਲਕਾ' 'ਸ੍ਰੀ ਕਾਲ ਜੀ' ਹੀ ਹੈ।**

(੮) ਹੋਰ ਵਿਚਾਰਾਂ–

(ੳ) ਇਤਨੀ ਭਾਰੀ ਕਰਾਮਾਤ ਵਾਲੇ ਪ੍ਰਸੰਗ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਕਿਤੇ ਨਹੀਂ ਕੀਤਾ। 'ਭੰਗਾਣੀ' ਆਦਿਕ ਜੁੱਧਾਂ ਦਾ ਹਾਲ ਤਾਂ ਲਿਖ ਗਏ ਹਨ, ਸਿਰਫ਼ ਇਕ ਦੋ ਦਿਨ ਹੀ ਹੋਏ।

(ਅ) ਜਿਨ੍ਹਾਂ ਬ੍ਰਾਹਮਣਾਂ ਨੇ 'ਦੇਵੀ ਪਰਗਟ ਕਰਨ ਵਿਚ ਸਹਾਇਤਾ ਕੀਤੀ ਸੀ, ਉਹਨਾਂ ਦੀ ਸੇਵਾ-ਪੂਜਾ ਕਰਨ ਦਾ ਹੁਕਮ ਖਾਲਸੇ ਨੂੰ ਦੇ ਜਾਂਦੇ। ਸਗੋਂ, ਜੇ ਕੋਈ ਹਵਨ ਹੋਇਆ ਸੀ ਤਾਂ ਉਸ ਤੋਂ ਅਗਲੇ ਦਿਨ ਹੀ 'ਜੱਗ' ਵਿਚ ਉਹਨਾਂ ਬ੍ਰਾਹਮਣਾਂ ਦਾ ਚੇਤਾ ਹੀ ਭੁੱਲ ਗਿਆ। ਜੇ 'ਹਵਨ' ਹੋਇਆ ਹੁੰਦਾ, ਤਾਂ ਇਹ ਕਿਵੇਂ ਹੋ ਸਕਦਾ ਸੀ ? ਵੇਖੋ, ਫੁਰਮਾਂਦੇ ਹਨ :–

ਜੋ ਕਿਛੁ ਲੇਖ ਲਿਖਿਓ ਬਿਧਨਾ, ਸੋਈ ਪਾਯਤੁ, ਮਿਸ੍ਰ ਜੂ ! ਸ਼ੋਕ ਨਿਵਾਰੋ ॥
ਮੇਰੋ ਕਛੂ ਅਪਰਾਧੁ ਨਹੀਂ, ਗਯੋ ਯਾਦ ਤੇ ਭੂਲ, ਨ ਕੋਪ ਚਿਤਾਰੋ ॥
ਬਾਗੋ ਨਿਹਾਲੀ ਪਠੈ ਦੈ ਹੋਂ' ਆਜੁ ਭਲੇ ਤੁਮ ਕੋ ਨਿਸਚੈ ਜੀਅ ਧਾਰੋ ॥
ਛਤ੍ਰੀ ਸਭੈ ਕ੍ਰਿਤ ਬਿਪ੍ਰਨ ਕੇ, ਇਨਹੂ ਪਹਿ ਕਟਾਛ ਕ੍ਰਿਪਾ ਕੈ ਨਿਹਾਰੋ ॥

(ੲ) ਮਾਛੂਵਾੜੇ ਦੇ ਤੇ ਮਲੇਰੀਏ ਪਠਾਣਾਂ ਨੂੰ ਹੁਕਮ-ਨਾਮੇ ਦੇ ਗਏ। ਇਹਨਾਂ ਬ੍ਰਾਹਮਣਾਂ ਨੂੰ ਭੀ ਦੇ ਜਾਂਦੇ।

(ਸ) 'ਦੇਵੀ' ਵੇਦ-ਮੰਤ੍ਰਾਂ ਨਾਲ ਹੀ ਪਰਗਟੀ ਹੋਵੇਗੀ। 'ਵੇਦ' ਪੜ੍ਹਨ ਦਾ ਹੁਕਮ ਦੇ ਜਾਂਦੇ। ਸਗੋਂ ਰੋਕ ਗਏ।



www.AKJ.Org

(B) (ੳ) ਬਾਵਾ ਸੁਮੇਰ ਸਿੰਘ ਜੀ ਲਿਖਦੇ ਹਨ ਕਿ 'ਹਵਨ' ਤੋਂ ਸ਼ੂਦਰਾਂ ਨੂੰ ਪਰੇ ਰੱਖਣ ਲਈ ਰਾਖੇ ਬਿਠਾਏ ਗਏ ਸਨ। ਪਰ ਆਉਂਦਿਆਂ ਹੀ ਪਹਿਲਾਂ 'ਸ਼ੂਦਰਾਂ' ਨੂੰ 'ਅੰਮ੍ਰਿਤ' ਛਕਾ ਦਿੱਤਾ । ਇਹ ਕਿਉਂ?

(ਅ) 'ਦੇਵੀ' ਨੇ ਤਾਂ ਇਹਨਾਂ ਸਾਖੀ-ਕਾਰਾਂ ਅਨੁਸਾਰ 'ਕਰਦ' ਦਿੱਤੀ ਸੀ । ਪਰ ਸਤਿਗੁਰੂ ਜੀ ਨੇ ਖੰਡੇ ਦਾ ਅੰਮ੍ਰਿਤ ਕਿਉਂ ਛਕਾਇਆ ?

(ੲ) ਸਤਿਗੁਰੂ ਜੀ ਨੇ ਜੰਗਾਂ ਵਿਚ ਤੀਰ ਤੋਪ ਆਦਿਕ ਵਰਤੇ ਤਾਂ ਉਹਨਾਂ ਦਾ ਜ਼ਿਕਰ ਕਰ ਦਿੱਤਾ । ਪਰ ਦੇਵੀ ਦੀ ਦਿਤੀ ਹੋਈ ਕਰਦ ਦਾ ਜ਼ਿਕਰ ਕਿਤੇ ਨਹੀਂ ਕੀਤਾ ।

(C) (ੳ) ਦੇਵੀ ਉਪਾਸ਼ਕਾਂ ਦੀ ਭੇਟਾ ਹੈ 'ਕੜਾਹੀ' । ਪਰ ਗੁਰੂ-ਘਰ ਵਿਚ 'ਕੜਾਹ ਪ੍ਰਸ਼ਾਦ' ਹੀ ਤੁਰਿਆ ਆਉਂਦਾ ਹੈ ।

(ਅ) ਜੇ ਦੇਵੀ ਪਰਗਟ ਹੋਣ ਤੇ ਖਾਲਸਾ ਸਾਜਿਆ ਹੁੰਦਾ, ਤਾਂ ਕੇਸ ਕ੍ਰਿਪਾਨ ਕੜਾ ਆਦਿਕ ਰਖਣ ਦੇ ਥਾਂ ਦੇਵੀ ਦਾ ਅੱਟਾ ਪਹਿਨਣ ਦਾ ਹੁਕਮ ਸਤਿਗੁਰੂ ਜੀ ਨੇ ਦੇਣਾ ਸੀ ।

(D) ਸਤਿਗੁਰੂ ਜੀ ਨੇ ਔਰੰਗਜ਼ੇਬ ਨੂੰ ਜਿਹੜਾ 'ਜ਼ਫ਼ਰ-ਨਾਮਾ' ਲਿਖ ਕੇ ਭੇਜਿਆ ਸੀ, ਉਸ ਵਿਚ ਲਿਖਦੇ ਹਨ—

*ਮਨਮ ਕੁਸ਼ਤਨਮ ਕੋਹੀਆਂ ਬੁਤ-ਪ੍ਰਸਤ ॥
ਕਿ ਊ ਬੁਤ-ਪ੍ਰਸਤੰਦ, ਮਨ ਬੁਤ-ਸ਼ਿਕਸਤ ॥੯੨॥

ਜੇ ਉਹਨਾਂ 'ਦੇਵੀ' ਪੂਜੀ ਹੁੰਦੀ, ਤਾਂ ਇਉਂ ਨਾ ਲਿਖਦੇ ।

---

## ਕੀਰਤਨ ਸਹਿਜ ਅਨੰਦ ਦਾ ਸ਼ਾਂਤ-ਸੋਮਾ

[ਵਲੋਂ :—ਮਾਸਟਰ ਮਾਘ ਸਿੰਘ ਜੀ, ਥਾਈਲੈਂਡ ਵਾਲੇ]

ਕੀਰਤਨ ਰੂਹ-ਖੁਰਾਕ ਤੇ ਜਿੰਦ-ਖੇੜਾ, ਜਿਵੇਂ ਬੱਚੇ ਲਈ ਦੁੱਧ ਆਧਾਰ ਹੁੰਦੈ ।
ਕੀਰਤਨ ਦੌੜਦੇ ਮਨਾਂ ਨੂੰ ਬੰਨ੍ਹ ਲੈਂਦੈ, ਜਿਵੇਂ ਕੀਲਿਆ ਸੱਪ ਫੁੰਕਾਰ ਹੁੰਦੈ ।
ਕੀਰਤਨ ਸਹਿਜ ਆਨੰਦ ਦਾ ਸ਼ਾਂਤ-ਸੋਮਾ, ਜਿਵੇਂ ਫੁਲ ਖਿੜਿਆ ਖ਼ੁਸ਼ਬੂਦਾਰ ਹੁੰਦੈ ।
ਕੀਰਤਨ ਦੁਖ ਉਦਾਸੀਆਂ ਦੂਰ ਕਰਦੈ, ਜਿਵੇਂ ਨੂਰ ਤੋਂ ਨ੍ਹੇਰ ਫ਼ਰਾਰ ਹੁੰਦੈ ।
ਕੀਰਤਨ ਲਿਵ-ਸਮਾਧੀਆਂ ਜੋੜ ਦੇਵੇ, ਮੁਕਤੀ-ਰਾਹ ਤੇ ਰੱਬ-ਪਿਆਰ ਹੁੰਦੈ ।
ਸਦਾ ਧੁਰ ਦਰਗਾਹ ਤੋਂ ਹਰੀ-ਕੀਰਤਨ, ਹਾ ਹਾ, ਹੂ ਹੂ ਗੰਧ੍ਰਬ ਅਪਾਰ ਹੁੰਦੈ ।
ਕੀਰਤਨ-ਦਾਤਿ ਹੀ ਗੁਰੂ ਗ੍ਰੰਥ ਦੇ ਕੇ, ਦਾਤਾ ਸਭ ਦਾ ਕਰਨ ਕਲਿਆਨ ਆਏ ।
ਤਾਂ ਤੇ ਧੰਨ ਆਖੋ ਸਾਰੇ ਗੁਰੂ ਨਾਨਕ, ਮਿਹਰਬਾਨ ਆਏ ਮਿਹਰਬਾਨ ਆਏ ।

---

**ਚਿੱਟ ਨੰਬਰ ?** ਪਾਠਕ ਸਜਣੋ ! ਕਿਰਪਾ ਕਰ ਕੇ ਚਿਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਸਾਡੀ ਇਹ ਬੇਨਤੀ ਕਦੇ ਵੀ ਨਾ ਭੁਲੋ । ਅਸੀਂ ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਚਿੱਟ ਨੰਬਰ ਲਿਖ ਕੇ ਆਪ ਨੂੰ ਭੇਜਦੇ ਹਾਂ।

**ਪਰਚੇ ਗੁੰਮ**—ਅਸੀਂ ਹਰੇਕ ਪਾਠਕ ਦਾ "ਸੂਰਾ" ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰ ਕੇ ਡਾਕੇ ਪਾ ਦਿੰਦੇ ਹਾਂ । ਰਸਤੇ ਵਿਚ ਕਈ ਪਰਚੇ ਗੁੰਮ ਕਰ ਲਏ ਜਾਂਦੇ ਹਨ । ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੇ ਅਧ ਵਿਚ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿੰਦੇ ਹਾਂ ।

*ਮੈਂ ਬੁੱਤ-ਪ੍ਰਸਤ ਪਹਾੜੀ ਰਾਜਿਆਂ ਨੂੰ ਮਾਰਨ ਵਾਲਾ ਹਾਂ, ਕਿਉਂਜੁ ਉਹ ਬੁੱਤਾਂ ਦੇ ਉਪਾਸ਼ਕ ਹਨ ਤੇ ਮੈਂ ਬੁੱਤਾਂ ਨੂੰ ਤੋੜਨ ਵਾਲਾ



www.AKJ.Org

# ਮਹਲਾ ੫ ਗਾਥਾ (੨)

[ਲੜੀ ਜੋੜਨ ਲਈ ਵੇਖੋ ਸੂਰਾ ਜਨਵਰੀ ੧੯੯੧]

[ਅਰਥ ਵਿਆਖਿਆ ਵਲੋਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਹਰਿ ਲਬਧੋ[1] [2]ਮਿਤ੍ਰ ਸੁਮਿਤੋ ॥
ਬਿਦਾਰਣ[3] ਕਦੇ ਨ ਚਿਤੋ[4] ॥
ਜਾ ਕਾ ਅਸਥਲੁ[5] ਤੋਲੁ[6] ਅਮਿਤੋ[7] ॥
ਸੁੋਈ[8] ਨਾਨਕ ਸਖਾ [9]ਜੀਅ ਸੰਗਿ ਕਿਤੋ ॥੧੩॥

ਮਿੱਤਰਾਂ ਵਿਚੋਂ ਸ੍ਰੇਸ਼ਟ ਮਿੱਤਰ ਹਰੀ ਪ੍ਰਭੂ ਹੀ ਲਭਾ ਹੈ, ਜਿਹੜਾ ਕਦੇ ਵੀ ਕਿਸੇ ਦਾ ਦਿਲ ਤੋੜਨ ਵਾਲਾ ਨਹੀਂ, ਜਿਸ ਦਾ ਟਿਕਾਣਾ ਅਤੇ ਗੌਰਵ ਮਿਤ ਤੋਂ ਪਰੇ ਹੈ। 'ਨਾਨਕ'! ਓਹੀ (ਲੋਕ ਪਰਲੋਕ ਵਿਚ) ਜੀਅ ਦੇ ਨਾਲ ਨਿਭਨ ਵਾਲਾ ਹੈ।੧੩।

ਭਾਵ :-ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ ॥
ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ ॥੨॥(੭) (ਪੰਨਾ ੧੦੯੭)

ਅਪਜਸੰ[1] ਮਿਟੰਤ [2]ਸਤ ਪੁਤ੍ਰਹ ॥
ਸਿਮਰਤਬ੍ਯ[3] ਰਿਦੈ [4]ਗੁਰ ਮੰਤ੍ਰਣਹ ॥
ਪ੍ਰੀਤਮ[5] ਭਗਵਾਨ[6] ਅਚੁਤ[7] ॥
ਨਾਨਕ ਸੰਸਾਰ ਸਾਗਰ ਤਾਰਣਹ ॥੧੪॥

ਜੋ ਮਨੁਖ ਹਿਰਦੇ ਵਿਚ ਗੁਰ-ਮੰਤਰ ਸਿਮਰਦਾ ਹੈ, ਉਸ ਦੀ ਅਪਕੀਰਤੀ ਮਿਟ ਜਾਂਦੀ ਹੈ ਅਤੇ ਉਹ ਪ੍ਰਭੂ ਦਾ ਸਤਿ-ਵਾਦੀ ਪੁੱਤਰ ਹੋ ਜਾਂਦਾ ਹੈ। 'ਨਾਨਕ'! ਪਿਆਰਾ ਅਬਿਨਾਸ਼ੀ ਪ੍ਰਭੂ (ਦਾ ਨਾਮ) ਉਸ ਨੂੰ ਸੰਸਾਰ-ਸਾਗਰ ਤੋਂ ਪਾਰ ਉਤਾਰਾ ਦੇਂਦਾ ਹੈ ॥੧੪॥

ਭਾਵ :- ਨਾਮ ਸਿਮਰਨ ਦੇ ਤੁਫੈਲ ਲੋਕ ਪ੍ਰਲੋਕ ਸੁਧਰ ਜਾਂਦੇ ਹਨ।
ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ ॥
ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ ਸੁਖ ਅਨਦ ਸੇਤੀ ਘਰਿ ਜਾਈਐ॥੧॥੫੩॥ ਪੰਨਾ੫੦੨

ਮਰਣੰ[1] ਬਿਸਰਣੰ[2] ਗੋਬਿੰਦਹ ॥
ਜੀਵਣੰ ਹਰਿ ਨਾਮ ਧ੍ਯਾਵਣਹ[3] ॥
ਲਭਣੰ [4]ਸਾਧ ਸੰਗੇਣ ॥
ਨਾਨਕ ਹਰਿ [5]ਪੂਰਬਿ ਲਿਖਣਹ ॥੧੫॥

ਗੋਬਿੰਦ ਪ੍ਰਭੂ (ਦਾ ਨਾਮ) ਵਿਸਰ ਜਾਣਾ ਮੌਤ ਹੈ ਅਤੇ ਹਰੀ-ਨਾਮ ਦਾ ਧਿਆਵਣਾ, ਜੀਵਨ ਹੈ। 'ਨਾਨਕ'! ਇਹ (ਹਰਿ-ਨਾਮ) ਪ੍ਰਭੂ ਵਲੋਂ ਧੁਰੋਂ ਲਿਖੇ ਲੇਖ ਅਨੁਸਾਰ ਸਾਧੂ-ਸਤਿਗੁਰੂ ਦੀ ਸੰਗਤ ਦੁਆਰਾ ਹੀ ਪ੍ਰਾਪਤ ਹੁੰਦਾ ਹੈ।੧੫।

---

(੧੩) 1. ਲਬਧੋ—ਲਭਿਆ ਹੈ। 2. ਮਿਤ੍ਰ ਸੁਮਿਤੋ—ਮਿੱਤਰਾਂ ਵਿਚੋਂ ਸ੍ਰੇਸ਼ਟ ਮਿੱਤਰ। 3. ਬਿਦਾਰਣ—ਤੋੜਨ ਵਾਲਾ। 4. ਚਿਤੋ—ਹਿਰਦਾ। 5. ਅਸਥਲੁ—ਅਸਥਾਨ, ਟਿਕਾਣਾ। 6. ਤੋਲੁ—ਗੌਰਵ। 7. ਅਮਿਤੋ—ਮਿਤ ਤੋਂ ਬਾਹਰ। 8. ਸੁੋਈ ਸਖਾ ਕਿਤੋ—ਓਹੀ ਮਿੱਤਰ ਬਣਾਇਆ ਹੈ।

(੧੪) 1. ਅਪਜਸੰ—ਅਪ-ਕੀਰਤੀ, ਬਦਖੋਈ, ਬਦਨਾਮੀ। 2. ਸਤ ਪੁਤ੍ਰਹ—ਪ੍ਰਭੂ ਦੇ ਪੁੱਤਰ, ਸੰਤ ਜਨ, ਸਤ ਪੁਰਸ਼। 3. ਸਿਮਰਤਬ੍ਯ—ਸਿਮਰਦਾ ਹੈ। 4. ਗੁਰ ਮੰਤ੍ਰਣਹ—ਗੁਰੂ ਦਾ ਮੰਤਰ। 5. ਪ੍ਰੀਤਮ—ਪਿਆਰਾ। 6. ਭਗਵਾਨ—ਮਾਲਕ ਪ੍ਰਭੂ। 7. ਅਚੁਤ—ਅਬਿਨਾਸ਼ੀ।

(੧੫) 1. ਮਰਣੰ—ਮਰਨਾ, ਮੌਤ। 2. ਬਿਸਰਣੰ—ਵਿਸਰਨਾ। 3. ਧ੍ਯਾਵਣਹ—ਧਿਆਉਣਾ। 4. ਸਾਧ ਸੰਗੇਣ—ਸਾਧੂ ਦੀ ਸੰਗਤ। 5. ਪੂਰਬਿ ਲਿਖਣਹ—ਧੁਰ ਤੋਂ ਲਿਖੇ ਲੇਖ ਅਨੁਸਾਰ।



www.AKJ.Org

ਭਾਵ :–ਨਾਮ ਚਿਤ ਆਉਣਾ ਹੀ ਦਰ-ਅਸਲ ਜ਼ਿੰਦਗੀ ਹੈ। ਨਾਮ ਸਤਿਗੁਰੂ ਪਾਤਸ਼ਾਹ ਤੋਂ ਪ੍ਰਾਪਤ ਹੁੰਦਾ ਹੈ।

ਜੀਵਨਾ ਹਰਿ ਜੀਵਨਾ ॥
ਜੀਵਨੁ ਹਰਿ ਜਪਿ ਸਾਧ ਸੰਗਿ ॥੧॥ਰਹਾਉ॥ (ਪੰਨਾ ੯੮੪)

ਦਸਨ[1] ਬਿਹੂਨ[2] ਭੁਯੰਗੰ[3]
[5]ਮੰਤ੍ੰ ਗਾਰੁੜੀ[4] ਨਿਵਾਰੰ[6] ॥
ਬ੍ਯਾਧਿ[7] ਉਪਾੜਣ[8] ਸੰਤੰ ॥
ਨਾਨਕ [9]ਲਬਧ ਕਰਮਣਹ ॥੧੬॥

ਜਿਵੇਂ ਮਾਂਦਰੀ ਗਾਰੁੜੀ-ਮੰਤਰ ਦੁਆਰਾ ਸੱਪ ਨੂੰ ਦੰਦ-ਹੀਣਾ ਕਰ ਕੇ, ਉਸ ਦੀ ਜ਼ਹਿਰ ਕਢ ਦੇਂਦਾ ਹੈ, ਤਿਵੇਂ ਹੀ, 'ਨਾਨਕ' ! ਸੰਤ ਜਨ ਜੀਵ ਦੇ ਸਰਬ ਰੋਗ ਤੇ ਦੋਖ ਕਟਣਹਾਰ ਹਨ। ਅਜਿਹੇ ਗੁਰਮੁਖ ਜਨਾਂ ਦਾ ਸੰਗ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।੧੬।

ਭਾਵ :–ਗੁਰਮੁਖ ਸੰਤ ਜਨਾਂ ਦੇ ਸੰਗ ਵਿਚ ਸਭ ਰੋਗ ਤੇ ਦੋਖ ਕਟੇ ਜਾਂਦੇ ਹਨ। ਗੁਰੂ-ਵਰੋਸਾਇ ਗੁਰਮੁਖ ਜਨ ਵਡੇ ਭਾਗਾਂ ਨਾਲ ਮਿਲਦੇ ਹਨ।

[1]ਜਥ ਕਥ ਰਮਣੰ[2]
[3]ਸਰਣੰ ਸਰਬਤ੍ਰ ਜੀਅਣਹ ॥
ਤਥ[4] ਲਗਣੰ ਪ੍ਰੇਮ ਨਾਨਕ ॥
ਪਰਸਾਦੰ[5] [6]ਗੁਰ ਦਰਸਨਹ ॥੧੭॥

(ਵਾਹਿਗੁਰੂ) ਜਿਥੇ ਕਿਥੇ, ਭਾਵ, ਸਭਨੀਂ ਥਾਈਂ ਰਵ ਰਿਹਾ ਹੈ, ਉਹ ਸਾਰੇ ਜੀਵਾਂ ਲਈ ਸਰਣ-ਜੋਗ ਹੈ। 'ਨਾਨਕ' ! ਗੁਰੂ ਦੀ ਬਖਸ਼ਸ਼ ਅਤੇ ਗੁਰ ਦੇ ਗਿਆਨ ਦੁਆਰਾ ਉਸ ਦੇ ਚਰਨਾਂ ਵਿਚ ਪ੍ਰੇਮ ਲਗਦਾ ਹੈ।

ਭਾਵ–ਸਤਿਗੁਰੂ ਦੀ ਬਖਸ਼ਸ਼ ਅਤੇ ਗਿਆਨ ਦੁਆਰਾ ਹੀ ਸਰਬ-ਵਿਆਪਕ ਵਾਹਿਗੁਰੂ ਨਾਲ ਪ੍ਰੀਤ ਬਣ ਆਉਂਦੀ ਹੈ।

ਚਰਣਾਰਬਿੰਦ[1] ਮਨ ਬਿਧੰ[2]
ਸਿਧੰ[3] ਸਰਬ ਕੁਸਲਣਹ[4] ॥
ਗਾਥਾ[5] ਗਾਵੰਤ ਨਾਨਕ
ਭਬ੍ਯੰ[6] [7]ਪਰਾ ਪੂਰਬਣਹ ॥੧੮॥

(ਜਿਸ ਜੀਵ ਦਾ) ਮਨ ਪ੍ਰਭੂ ਦੇ ਚਰਨ-ਕਮਲਾਂ ਵਿਚ ਵਿੰਨ੍ਹਿਆ ਜਾਂਦਾ ਹੈ (ਉਸ ਨੂੰ) ਸਾਰੇ ਸੁਖ ਅਨੰਦ ਪ੍ਰਾਪਤ ਹੋ ਜਾਂਦੇ ਹਨ। 'ਨਾਨਕ' ! ਓਹੋ ਭਾਗ-ਸ਼ੀਲ ਪੁਰਸ਼ ਪ੍ਰਭੂ ਦੀ ਸੁਖਦਾਈ ਕਥਾ ਗਾਉਂਦਾ ਹੈ ਜਿਸ ਦੇ ਭਾਗਾਂ ਵਿਚ ਧੁਰੋਂ ਲਿਖਿਆ ਹੁੰਦਾ ਹੈ।

---

(੧੬) 1. ਦਸਨ–ਦੰਦ। ਬਿਹੂਨ–ਬਿਨਾਂ। 3. ਭੁਯੰਗੰ–ਸੱਪ। 4. ਗਾਰੁੜੀ–ਸੱਪ ਦੀ ਜ਼ਹਿਰ ਦੂਰ ਕਰਨ ਵਾਲਾ, ਮਾਂਦਰੀ। 5.ਗਾਰੁੜੀ ਮੰਤ੍ਰ–ਸੱਪ ਦੀ ਜ਼ਹਿਰ ਦੂਰ ਕਰਨ ਵਾਲਾ ਮੰਤਰ। 6.ਨਿਵਾਰੰ–ਦੂਰ ਕਰਨਾ। 7. ਬ੍ਯਾਧਿ–ਬਿਆਧ,ਰੋਗ। 8. ਉਪਾੜਣ–ਨਾਸ ਕਰਨ ਵਾਲੇ। 9.ਲਬਧ ਕਰਮਣਹ–ਭਾਗਾਂ ਨਾਲ ਲਭਦੇ ਹਨ।

(੧੭) 1, ਜਥ ਕਥ–ਜਿਥੇ ਕਿਥੇ, ਭਾਵ ਸਭ ਥਾਈਂ। 2. ਰਮਣੰ–ਰਮ ਰਿਹਾ ਹੈ, ਵਿਆਪ ਰਿਹਾ ਹੈ। 3. ਸਰਣੰ ਸਰਬਤ੍ਰ ਜੀਅਣਹ–ਸਾਰੇ ਜੀਵਾਂ ਲਈ ਸਰਣ-ਜੋਗ ਹੈ। 4. ਤਥ–ਤਿਥੇ, ਉਸ ਦੇ ਚਰਨਾਂ ਵਿਚ। 5. ਪਰਸਾਦੰ–ਕਿਰਪਾ, ਬਖਸ਼ਸ਼। 6. ਗੁਰ ਦਰਸਨਹ–ਗੁਰੂ ਦੇ ਦਰਸ਼ਨ ਦੁਆਰਾ, ਗਿਆਨ ਦੁਆਰਾ, ਉਪਦੇਸ਼ ਦੁਆਰਾ।

(੧੮) 1. ਚਰਣਾਬਿੰਦ–ਚਰਨ-ਅਰਬਿੰਦ,ਚਰਨ ਕਮਲ। 2. ਬਿਧੰ–ਵਿੰਨ੍ਹਿਆ ਜਾਂਦਾ ਹੈ। 3. ਸਿਧੰ–ਸਿਧ ਹੁੰਦੇ ਹਨ, ਪ੍ਰਾਪਤ ਹੁੰਦੇ ਹਨ। 4. ਕੁਸਲਣਹ–ਸੁਖ। 5. ਗਾਥਾ–ਪ੍ਰਭੂ ਦੇ ਗੁਣਾਂ ਦੀ ਕਥਾ। 6. ਭਬ੍ਯੰ–ਭਾਗ-ਸ਼ੀਲ ਪੁਰਸ਼, ਸ੍ਰੇਸ਼ਟ ਪੁਰਸ਼। 7. ਪਰਾ ਪੂਰਬਣਹ--ਪੂਰਬਲੇ ਲਿਖੇ ਲੇਖ।



www.AKJ.Org

ਭਾਵ :–ਪ੍ਰਭੂ ਦੇ ਚਰਨ-ਕਮਲਾਂ ਵਿਚ ਲੀਨ ਹੋਇਆਂ ਸਾਰੇ ਸੁਖ ਮਿਲ ਜਾਂਦੇ ਹਨ। ਪ੍ਰਭੂ ਦੀ ਸਿਫਤ ਸਲਾਹ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ।

**ਸੁਭ ਬਚਨ ਰਵਣੰ[1]**
**ਗਵਣੰ[2] [3]ਸਾਧ ਸੰਗੇਣ ਉਧਰਣਹ[4] ॥**
**[5]ਸੰਸਾਰ ਸਾਗਰੰ ਨਾਨਕ**
**ਪੁਨਰਪਿ[6] ਜਨਮ ਨ ਲਭ੍ਯਤੇ ॥੧੯॥**

'ਨਾਨਕ'! ਸਾਧ ਸੰਗਤ ਵਿਚ ਜਾ ਕੇ ਸਤਿਗੁਰੂ ਦੇ ਸ਼ੁਭ ਬਚਨ (ਗੁਰਬਾਣੀ) ਉਚਾਰਨ ਕਰਨ ਨਾਲ ਸੰਸਾਰ-ਸਾਗਰ ਤੋਂ ਤਰ ਜਾਈਦਾ ਹੈ ਅਤੇ ਫਿਰ ਭਵਜਲ ਵਿਚ ਜਨਮ ਨਹੀਂ ਲੈਣਾ ਪੈਂਦਾ।

ਭਾਵ :–ਸਾਧ ਸੰਗਤ ਵਿਚ ਜੁੜ ਕੇ ਸਤਿਗੁਰੂ ਦੀ ਬਾਣੀ ਗਾਉਣ ਨਾਲ ਜਨਮ ਮਰਨ ਦੇ ਗੇੜ ਕਟੇ ਜਾਂਦੇ ਹਨ।

**ਬੇਦ ਪੁਰਾਣ ਸਾਸਤ੍ਰ ਬੀਚਾਰੰ ॥**
**ਏਕੰਕਾਰ[1] ਨਾਮ ਉਰਧਾਰੰ[2] ॥**
**[3]ਕੁਲਹ ਸਮੂਹ ਸਗਲ ਉਧਾਰੰ[4] ॥**
**ਬਡ ਭਾਗੀ ਨਾਨਕ ਕੋ[5] ਤਾਰੰ॥੨੦॥**

ਇਕੋ ਇਕ, ਭਾਵ, ਅਦੁੱਤੀ ਵਾਹਿਗੁਰੂ ਦੇ ਨਾਮ ਨੂੰ ਹਿਰਦੇ ਵਿਚ ਧਾਰਨ ਕਰਨ ਵਿਚ ਹੀ ਵੇਦਾਂ, ਪੁਰਾਣਾਂ, ਸ਼ਾਸਤ੍ਰਾਂ ਦੀ ਵੀਚਾਰ ਆ ਜਾਂਦੀ ਹੈ। (ਇਸ ਤਰ੍ਹਾਂ ਸਿਮਰਨ ਦੀ ਬਰਕਤ ਨਾਲ ਜੀਵ ਦੀਆਂ) ਸਾਰੀਆਂ ਕੁਲਾਂ ਦਾ ਉਧਾਰ ਹੋ ਜਾਂਦਾ ਹੈ। 'ਨਾਨਕ'! (ਸਿਮਰਨ ਦੁਆਰਾ) ਆਪ ਤਰਨ ਤੇ ਕੁਲਾਂ ਨੂੰ ਤਾਰ ਲੈਣ ਵਾਲਾ ਕੋਈ ਵਿਰਲਾ ਵਡ-ਭਾਗਾ ਮਨੁੱਖ ਹੀ ਹੁੰਦਾ ਹੈ।

ਭਾਵ :–ਨਾਮ-ਸਿਮਰਨ ਦੀ ਸ੍ਰੇਸ਼ਟ ਗਿਆਨ-ਵੀਚਾਰ ਹੈ, ਜਿਸ ਦੁਆਰਾ ਮਨੁੱਖ ਆਪ ਤਰ ਜਾਂਦਾ ਹੈ ਤੇ ਸਾਰੀਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ। ਪਰ ਅਜਿਹਾ ਕੁਲ-ਤਾਰਕ ਕੋਈ ਵਿਰਲਾ ਹੀ ਹੁੰਦਾ ਹੈ।

**ਸਿਮਰਣੰ [1]ਗੋਬਿੰਦ ਨਾਮੰ**
**ਉਧਰਣੰ[2] [3]ਕੁਲ ਸਮੂਹਣਹ ॥**
**ਲਬਧਿਅੰ[4] [5]ਸਾਧ ਸੰਗੇਣ**
**ਨਾਨਕ**
**ਵਡਭਾਗੀ [6]ਭੇਟੰਤ ਦਰਸਨਹ ॥੨੧॥**

ਸ੍ਰਿਸ਼ਟੀ ਦੇ ਮਾਲਕ ਪ੍ਰਭੂ ਦਾ ਸਿਮਰਨ ਕਰਨ ਨਾਲ ਸਾਰੀਆਂ ਕੁਲਾਂ ਦਾ ਪਾਰ-ਉਤਾਰਾ ਹੋ ਜਾਂਦਾ ਹੈ। 'ਨਾਨਕ'! ਇਹ ਸਿਮਰਨ ਸਾਧੂ-ਸਤਿਗੁਰੂ ਦੀ ਸੰਗਤ ਵਿਚੋਂ ਲਭਦਾ ਹੈ, ਪਰ ਕੋਈ ਵਡਭਾਗਾ ਮਨੁੱਖ ਹੀ ਸਤਿਗੁਰੂ ਦੇ ਦਰਸ਼ਨ ਪਰਸਦਾ ਹੈ।੨੧।

ਭਾਵ :–ਪ੍ਰਭੂ ਦਾ ਨਾਮ-ਸਿਮਰਨ ਸਭ ਕੁਲਾਂ ਦਾ ਉਧਾਰ ਕਰਦਾ ਹੈ, ਪਰ ਇਹ ਨਾਮ ਵਡੇ ਭਾਗਾਂ ਨਾਲ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ।

---

(੧੯) 1. ਰਵਣੰ–ਉਚਾਰਨ ਨਾਲ। 2. ਗਵਣੰ–ਗਮਨ ਕਰਨ ਨਾਲ, ਜਾਣ ਨਾਲ। 3. ਸਾਧ ਸੰਗੇਣ–ਸਾਧ ਸੰਗਤ ਵਿਚ। 4. ਉਧਰਣਹ–ਉਧਰ ਜਾਈਦਾ ਹੈ, ਤਰ ਜਾਈਦਾ ਹੈ। 5. ਸੰਸਾਰ ਸਾਗਰੰ–ਸੰਸਾਰ-ਸਮੁੰਦਰ ਤੋਂ। 6. ਪੁਨਰਪਿ–ਮੁੜ ਕੇ, ਫੇਰ, ਪੁਨਾ। 7. ਲਭ੍ਯਤੇ–ਲਭਦਾ, ਮਿਲਦਾ।

(੨੦) 1. ਏਕੰਕਾਰ–ਇਕੋ ਇਕ ਵਾਹਿਗੁਰੂ। 2.ਉਰਧਾਰੰ–ਹਿਰਦੇ ਵਿਚ ਧਾਰਨ ਨਾਲ। 3.ਕੁਲਹ ਸਮੂਹ–ਸਾਰੀਆਂ ਕੁਲਾਂ। 4. ਉਧਾਰੰ–ਉਧਾਰ ਹੁੰਦਾ ਹੈ। 5. ਕੋ–ਕੋਈ।

(੨੧) 1. ਗੋਬਿੰਦ ਨਾਮੰ–ਪ੍ਰਭੂ ਦਾ ਨਾਮ। 2. ਉਧਰਣੰ–ਪਾਰ-ਉਤਾਰਾ ਹੁੰਦਾ ਹੈ। 3. ਕੁਲ ਸਮੂਹਣਹ–ਸਾਰੀਆਂ ਕੁਲਾਂ। 4.ਲਬਧਿਅੰ–ਲਭਦਾ ਹੈ। 5.ਸਾਧ ਸੰਗੇਣ–ਸਾਧੂ ਦੀ ਸੰਗਤ ਵਿਚ। 6.ਭੇਟਤ ਦਰਸਨਹ–ਦਰਸ਼ਨ ਪਰਸਦਾ ਹੈ।



www.AKJ.Org

[1]ਸਰਬ ਦੋਖ ਪਰੰਤਿਆਗੀ[2]
[3]ਸਰਬ ਧਰਮ ਦ੍ਰਿੜੰਤਣ:[4] ॥
ਲਭਧੇਣਿ[5] [6]ਸਾਧ ਸੰਗੇਣ
ਨਾਨਕ ਮਸਤਕਿ[7] ਲਿਖ੍ਹਣ:[8] ॥੨੨॥

'ਨਾਨਕ' ! ਮੱਥੇ ਤੇ ਲਿਖੇ ਲੇਖ ਅਨੁਸਾਰ ਜਿਸ ਮਨੁੱਖ ਨੂੰ ਸਾਧ ਸੰਗਤ ਲਭ ਪੈਂਦੀ ਹੈ, ਸਾਰੇ ਦੁਖ-ਕਲੇਸ਼ ਮੂਲੋਂ ਹੀ ਉਸ ਦਾ ਖਹਿੜਾ ਛਡ ਜਾਂਦੇ ਹਨ ਅਤੇ ਸਾਰੇ ਸ਼ੁਭ ਧਰਮ-ਕਰਮ ਜਾਣੋ ਉਸ ਨੂੰ ਦ੍ਰਿੜ੍ਹ ਹੋ ਜਾਂਦੇ ਹਨ।

ਭਾਵ :—ਮਹਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥੧॥ (ਬਿਲਾਵਲੁ ਮ: ੫, ਪੰਨਾ ੮੦੯

ਹੋਯੋ[1] ਹੈ[2] ਹੋਵੰਤੋ[3]
ਹਰਣ[4] ਭਰਣ[5] ਸੰਪੂਰਣ:[6] ॥
ਸਾਧੂ[7] ਸਤਮ[8] ਜਾਣੋ
ਨਾਨਕ ਪ੍ਰੀਤਿ ਕਾਰਣੰ ॥੨੩॥

(ਸਰਬ ਜੀਵਾਂ ਦੇ) ਨਾਸ ਕਰਨ ਵਾਲਾ ਅਤੇ ਪ੍ਰਤਿ-ਪਾਲਣਾ ਕਰਨ ਵਾਲਾ ਪੂਰਾ ਪ੍ਰਭੂ ਪਿਛੇ ਸੀ, ਹੁਣ ਹੈ ਅਤੇ ਅਗੇ ਨੂੰ ਹੋਵੇਗਾ, ਭਾਵ, ਤਿੰਨਾਂ ਕਾਲਾਂ ਵਿਚ ਪਰੀ-ਪੂਰਣ ਹੈ। 'ਨਾਨਕ' ! ਇਹ ਨਿਸਚੇ ਕਰ ਕੇ ਜਾਣੋ ਕਿ ਸਾਧੂ-ਸਤਿਗੁਰੂ ਹੀ (ਐਸੇ ਪ੍ਰਭੂ ਨਾਲ) ਪ੍ਰੀਤ ਪਾਉਣ ਦਾ ਵਸੀਲਾ ਹੈ।੨੩।

ਭਾਵ :—ਇਹ ਅਟੱਲ ਸੱਚਾਈ ਹੈ ਕਿ ਸਦੀਵਕਾਲ ਜੀਵਾਂ ਨੂੰ ਮਾਰਨ ਜੀਵਾਲਣ ਵਾਲੇ ਸਰਬ-ਸਮਰੱਥ ਵਾਹਿਗੁਰੂ ਨਾਲ ਮੇਲ ਸਤਿਗੁਰੂ ਰਾਹੀਂ ਹੀ ਹੋ ਸਕਦਾ ਹੈ।

ਸੁਖੇਣ[1] ਬੈਣ[2] ਰਤਨੰ
ਰਚਨੰ[3] [4]ਕਸੁੰਭ ਰੰਗਣ: ॥
ਰੋਗ ਸੋਗ[5] ਬਿਓਗੰ[6]
ਨਾਨਕ
ਸੁਖੁ ਨ ਸੁਪਨਹ[7] ॥੨੪॥

(ਗਾਥਾ ਵਿਚ ਗੁੰਦੇ, ਅਥਵਾ, ਅੰਕਿਤ ਕੀਤੇ) ਰਤਨਾਂ ਸਮਾਨ ਅਮੋਲਕ ਅਤੇ ਸੁਖਦਾਈ ਬਚਨਾਂ ਦੇ ਹੁੰਦਿਆਂ (ਜੋ ਮਨੁੱਖ) ਕਸੁੰਭੇ ਦੇ ਰੰਗ (ਭਾਵ, ਮਾਇਆ ਦੇ ਪਿਆਰ) ਵਿਚ ਖੱਚਤ ਹੁੰਦਾ ਹੈ, ਰੋਗ ਸੋਗ ਤੇ ਵਿਛੋੜਾ ਹੀ ਉਸਦੇ ਪਲੇ ਪੈਂਦੇ ਹਨ ਅਤੇ ਉਸ ਨੂੰ ਸੁਪਨੇ ਵਿਚ ਵੀ ਸੁਖ ਨਸੀਬ ਨਹੀਂ ਹੁੰਦਾ।੨੪।

ਭਾਵ :—ਮਾਇਕ ਰਸਾਂ ਵਿਚ ਸੁਖ ਕਿਥੇ ? ਸੁਖ ਕੇਵਲ ਸਤਿਗੁਰੂ ਦੇ ਉਪਦੇਸ਼ ਨੂੰ ਧਾਰਨ ਕੀਤਿਆਂ ਹੀ ਮਿਲ ਸਕਦਾ ਹੈ।

---

(੨੨) 1. ਸਰਬ ਦੋਖ—ਸਾਰੇ ਪਾਪ। 2. ਪਰੰਤਿਆਗੀ—ਪੂਰੀ ਤਰ੍ਹਾਂ ਛੁਟਕਾਰਾ ਪਾਉਣ ਵਾਲਾ। 3. ਸਰਬ ਧਰਮ—ਸਾਰੇ ਧਰਮਾਂ ਦਾ ਸ਼ੋਮਣੀ ਧਰਮ। 4. ਦ੍ਰਿੜੰਤਣ:—(ਉਚਾਰਨ ਦ੍ਰਿੜੰਤਣਹ)ਦ੍ਰਿੜ੍ਹ ਕਰਦੇ ਹਨ, ਪੱਕਾ ਕਰਦੇ ਹਨ। 5. ਲਭਧੇਣਿ—ਲਭਦੀ ਹੈ। 6. ਸਾਧ ਸੰਗੇਣ-ਸਾਧੂ—ਸਤਿਗੁਰੂ ਦੀ ਸੰਗਤ। 7. ਮਸਤਕਿ—ਮੱਥੇ ਉਤੇ। 8. ਲਿਖ੍ਹਣ:—(ਉਚਾਰਨ—ਲਿਖ੍ਹਣਹ) ਲਿਖੇ ਲੇਖ ਅਨੁਸਾਰ।

(੨੩) 1. ਹੋਯੋ—ਜੋ ਪਹਿਲਾਂ ਸੀ। 2. ਹੈ—ਜੋ ਹੁਣ ਹੈ। 3. ਹੋਵੰਤੋ—ਜੋ ਅਗਾਂਹ ਨੂੰ ਹੋਵੇਗਾ। 4. ਹਰਣ—ਹਰਣ ਵਾਲਾ, ਨਾਸ ਕਰਨ ਵਾਲਾ। 5. ਭਰਣ—ਭਰਣ ਵਾਲਾ, ਪਾਲਣ ਵਾਲਾ। 6. ਸੰਪੂਰਣ:—(ਉਚਾਰਨ—ਸੰਪੂਰਣਹ)ਸੰਪੂਰਨ ਹੈ। 7. ਸਾਧੂ—ਸਤਿਗੁਰੂ। 8. ਸਤਮ ਜਾਣੋ—ਸੱਚ ਕਰ ਕੇ ਜਾਣੋ, ਨਿਸਚੇ ਕਰ ਕੇ ਜਾਣੋ।

(੨੪) 1. ਸੁਖੇਣ—ਸੁਖ ਦੇਣ ਵਾਲੇ, ਸੁਖਦਾਈ। 2. ਬੈਣ—ਬਚਨ। 3. ਰਚਨੰ—ਰਚਣ ਨਾਲ, ਖਚਤ ਹੋਇਆਂ। 4. ਕਸੁੰਭ ਰੰਗਣ:—(ਉਚਾਰਨ—ਰੰਗਣਹ) ਕਸੁੰਭੇ ਦਾ ਕੱਚਾ ਰੰਗ, ਮਾਇਆ ਦਾ ਪਿਆਰ। 5. ਸੋਗ—ਚਿੰਤਾ। 6. ਬਿਓਗੰ—ਵਿਜੋਗ, ਵਿਛੋੜਾ। 7. ਸੁਪਨਹ—ਸੁਪਨੇ ਵਿਚ।



www.AKJ.Org

# ਗੁਰਬਾਣੀ ਦਾ ਕੀਰਤਨ

[ਭਾਈ ਬਲਵੰਤ ਸਿੰਘ ਜੀ ਖਾਲਸਾ, ਫ਼ਿਰੋਜ਼ਪੁਰ ਸ਼ਹਿਰ]

ਸਿਖ ਧਰਮ ਵਿਚ ਗੁਰਬਾਣੀ ਦੇ ਗਾਇਨ ਕਰਨ ਨੂੰ ਕੀਰਤਨ ਆਖਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਵਾਰਾਂ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਕੀਰਤਨ ਲਈ ਪ੍ਰਵਾਨ ਹੈ। ਆਪਣੀ ਬਣਾਈ ਬਾਣੀ ਨੂੰ ਕਚੀ ਬਾਣੀ ਆਖਿਆ ਜਾਂਦਾ ਹੈ ਤੇ ਇਸ ਦਾ ਗਾਇਨ ਕਰਨਾ ਕੀਰਤਨ ਨਹੀਂ ਕਿਹਾ ਜਾ ਸਕਦਾ। ਕੀਰਤਨ ਦੁਆਰਾ ਜਿਥੇ ਅਕਾਲ ਪੁਰਖ ਦੀ ਉਸਤਤ ਕੀਤੀ ਜਾਂਦੀ ਹੈ ਉਥੇ ਇਸ ਦੁਆਰਾ ਗੁਰੂ-ਉਪਦੇਸ਼ ਸੁਣਿਆ ਤੇ ਸੁਣਾਇਆ ਜਾਂਦਾ ਹੈ, ਜਿਸ ਨਾਲ ਜਗਿਆਸੂ ਨੂੰ ਉਚਾ ਸੁਚਾ ਗੁਰਮੁਖੀ ਜੀਵਨ ਘੜਨ ਦਾ ਰਾਹ ਤੇ ਉਦਮ ਮਿਲਦਾ ਹੈ। ਗੁਰਬਾਣੀ ਦੇ ਉਚ ਭਾਵ ਹਿਰਦੇ ਵਿਚ ਵਸਦੇ ਹਨ ਤੇ ਅਕਾਲ ਪੁਰਖ ਦੇ ਗੁਣ ਆਪਣੇ ਵਿਚ ਧਾਰਨ ਦਾ ਉਦਮ ਮਿਲਦਾ ਹੈ। ਕਈ ਸਜਣ ਗੁਰਬਾਣੀ ਦੇ ਪਾਠ ਤੇ ਜ਼ਿਆਦਾ ਜ਼ੋਰ ਦੇਂਦੇ ਹਨ ਤੇ ਕੀਰਤਨ ਤੇ ਘਟ; ਪਰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ ੧੦੭੫ ਤੇ ਅੰਕਿਤ ਕੀਤਾ ਹੈ ਕਿ–

ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥

ਅਰਥਾਤ, ਕਲਜੁਗ ਵਿਚ ਕੀਰਤਨ ਦੀ ਅਤਿ ਵਡਿਆਈ ਹੈ। ਇਸ ਦੁਆਰਾ ਹੀ ਗੁਰੂ ਦੀ ਸ਼ਰਨ ਪੈ ਕੇ ਧਿਆਨ ਨਾਲ ਜਾਪ ਜਪਿਆ ਜਾ ਸਕਦਾ ਹੈ।

ਰਾਗ ਵਿਚ ਕੁਝ ਐਸਾ ਪ੍ਰਭਾਵ ਹੈ ਕਿ ਉਹ ਮਨ ਨੂੰ ਮੁਗਧ ਕਰ ਦੇਂਦਾ ਹੈ। ਰਾਗ ਨੂੰ ਸੁਣ ਕੇ ਪਸ਼ੂ-ਪੰਛੀ ਵੀ ਮਸਤ ਹੋ ਜਾਂਦੇ ਹਨ। ਸਜਣ ਠੱਗ ਵਰਗੇ ਕੀਰਤਨ ਨਾਲ ਪਿਘਲ ਗਏ ਤੇ ਕੀਰਤਨ ਦੁਆਰਾ ਪੜ੍ਹੀ ਬਾਣੀ ਨੂੰ ਮਨ ਵਿਚ ਗ੍ਰਹਿਣ ਕਰ ਲਿਆ। ਪੰਜਵੇਂ ਸਤਿਗੁਰਾਂ ਨੇ ਕੀਰਤਨ ਨੂੰ "ਨਿਰਮੋਲਕ ਹੀਰਾ" ਅਤੇ ਅਨੰਦ ਦਾ ਭੰਡਾਰ ਕਿਹਾ ਹੈ :–

ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥ (ਪੰਨਾ ੮੯੩)

ਉਹ ਥਾਂ ਬੈਕੁੰਠ-ਧਾਮ ਹੈ ਜਿਥੇ ਤੇਰਾ ਕੀਰਤਨ ਹੁੰਦਾ ਹੋਵੇ :–

ਤਹ ਬੈਕੁੰਠੁ ਜਹ ਕੀਰਤਨੁ ਤੇਰਾ, ਤੂੰ ਆਪੇ ਸਰਧਾ ਲਾਇਹਿ ॥੨॥੫੫॥ (੭੪੯)

ਪਰ ਪੂਰਨ ਸ਼ਰਧਾ-ਭਾਵਨੀ ਤੋਂ ਬਿਨਾਂ ਕੀਰਤਨ ਵਿਚ ਪੂਰਨ ਤੌਰ ਤੇ ਰਸ-ਲੀਨ ਨਹੀਂ ਹੋਇਆ ਜਾ ਸਕਦਾ। ਜਿਸ ਤੇ ਗੁਰੂ ਪਰਮੇਸ਼ਰ ਆਪ ਮਿਹਰ ਕਰੇ ਉਸ ਨੂੰ ਸ਼ਰਧਾ ਬਖਸ਼ਦਾ ਹੈ ਅਤੇ ਆਪਣੀ ਸਿਫ਼ਤ-ਸਾਲਾਹ ਵਿਚ ਜੋੜਦਾ ਹੈ।

ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਜਗਿਆਸੂ ਜੇ ਆਪਣੀਆਂ ਸਾਰੀਆਂ ਸਿਆਣਪਾਂ ਛਡ ਕੇ ਰੋਜ਼ ਕੀਰਤਨ ਕਰੇ ਤੇ ਸੁਣੇ ਤਾਂ ਉਸਦਾ ਉਧਾਰ ਜ਼ਰੂਰ ਹੋਵੇਗਾ।

ਸਿਖ ਧਰਮ ਵਿਚ ਸਾਰਿਆਂ ਕਰਮਾਂ ਵਿਚੋਂ ਕੀਰਤਨ ਨੂੰ ਉਤਮ ਮੰਨਿਆ ਗਿਆ ਹੈ :–

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੂਰਬਿ ਲਿਖੇ ਕਾ ਲਹਨਾ ॥੮॥ (੬੪੨)

ਮਨੁਖ ਚਾਹੇ ਕਿਤਨੇ ਤੀਰਥ-ਇਸ਼ਨਾਨ, ਪੁੰਨ-ਦਾਨ ਅਤੇ ਹੋਰ ਕਰਮ ਕਰਦਾ ਫਿਰੇ, ਉਸ ਦਾ ਅਹੰਕਾਰ ਨਹੀਂ ਛੁਟਦਾ, ਨਾ ਹੀ ਮੁਕਤੀ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਨੇ ਭਗਤੀ ਕਰਨ ਲਈ ਸਭ ਤੋਂ ਉਤਮ ਕਰਮ ਕੀਰਤਨ ਹੀ ਦਸਿਆ ਹੈ। ਜਿਸ ਮਨੁਖ ਤੇ ਕੀਰਤਨ ਦੀ ਰੰਗਣ ਚੜ੍ਹ ਜਾਂਦੀ ਹੈ ਉਹ ਪ੍ਰਭੂ



www.AKJ.Org

ਨੂੰ ਪਾ ਲੈਂਦਾ ਹੈ। ਅਗੇ ਜਾ ਕੇ ਗੁਰੂ ਜੀ ਫੁਰਮਾਂਦੇ ਹਨ ਕਿ :–

ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ॥ (ਪੰਨਾ ੬੨੪)

ਜਿਹੜਾ ਮਨੁਖ ਰੋਜ਼ ਕੀਰਤਨ ਕਰਦਾ ਹੈ ਉਸ ਦਾ ਜਨਮ ਮਰਨ ਦਾ ਗੇੜ ਮੁਕ ਜਾਂਦਾ ਹੈ ਅਤੇ ਜਮਾਂ ਦੀ ਮਾਰ ਤੋਂ ਵੀ ਛੁਟ ਜਾਂਦਾ ਹੈ–

ਦਿਨਸੁ ਰੈਨਿ ਹਰਿ ਕੀਰਤਨੁ ਗਾਈਐ॥
ਸੋ ਜਨੁ ਜਮ ਕੀ ਵਾਟ ਨ ਪਾਈਐ॥੩॥ (ਪੰਨਾ ੩੮੬)

ਗੁਰਬਾਣੀ ਦੁਆਰਾ ਹੀ ਦਸਿਆ ਗਿਆ ਹੈ ਕਿ ਹੇ ਮਨੁਖ ! ਤੂੰ ਉਸ ਅਕਾਲ ਪੁਰਖ ਦਾ ਕੀਰਤਨ ਗਾ, ਜਿਸ ਦੇ ਗਾਇਨ ਕਰਨ ਨਾਲ ਤੇਰਾ ਦੁਨਿਆਵੀ ਡਰ ਦੂਰ ਹੋ ਜਾਵੇ, ਤੈਨੂੰ ਕੋਈ ਦੁਖ ਮਸੂਸ ਨ ਹੋਵੇ, ਤੇਰਾ ਪਿਛਾ ਛੁਟ ਜਾਵੇ, ਤੇਰਾ ਮਨ ਕਾਬੂ ਵਿਚ ਆਵੇ ਤੇ ਹਿਰਦੇ ਵਿਚ ਅੰਮ੍ਰਿਤ ਦਾ ਸਿੰਚਾਰ ਹੋ ਜਾਵੇ। ਗੁਰਬਾਣੀ ਦੇ ਕੀਰਤਨ ਰਾਹੀਂ ਅਸੀਂ ਵਾਹਿਗੁਰੂ ਦੇ ਗੁਣ ਗਾਇਨ ਕਰਨੇ ਹਨ। ਗੁਣ ਗਾਇਨ ਕਰਨ ਨਾਲ ਸਾਨੂੰ ਆਪਣੇ ਔਗੁਣਾਂ ਦਾ ਪਤਾ ਲਗਦਾ ਹੈ ਤੇ ਗੁਣ ਧਾਰਨ ਕਰਨ ਦੀ ਪ੍ਰੇਰਨਾ ਮਿਲਦੀ ਹੈ। ਕੀਰਤਨ ਮਨ ਨੂੰ ਟਿਕਾਓ ਵਿਚ ਲਿਆਉਂਦਾ ਹੈ। ਕੀਰਤਨ ਮਨ ਦੀ ਮੈਲ ਨੂੰ ਧੋਂਦਾ ਹੈ। ਕੀਰਤਨ ਰਾਹੀਂ ਸ਼ਬਦ ਨਾਲ ਮਨ ਜੁੜਦਾ ਹੈ।

ਜਿਸ ਬਾਣੀ ਦਾ ਕੀਰਤਨ ਕੀਤਾ ਜਾਂਦਾ ਹੈ ਉਹ ਲੋਕਾਂ ਭਾਣੇ ਗੀਤ ਗਾਣੇ ਹੀ ਹਨ, ਪਰ ਗੁਰਬਾਣੀ ਦਾ ਕੀਰਤਨ ਤਾਂ ਬ੍ਰਹਮ ਦੀ ਵੀਚਾਰ ਹੈ :–

ਲੋਗ ਜਾਨੈ ਇਹੁ ਗੀਤੁ ਹੈ, ਇਹੁ ਤਉ ਬ੍ਰਹਮ ਬੀਚਾਰ॥ (ਪੰਨਾ ੩੩੫)

ਇਹ ਮਨ ਕਿਸੇ ਦੀ ਪਕੜ ਵਿਚ ਨਹੀਂ ਆਉਂਦਾ। ਪਾਠ ਕਰਦਿਆਂ ਵੀ ਕਿਥੇ ਦਾ ਕਿਥੇ ਪਹੁੰਚ ਜਾਂਦਾ ਹੈ। ਸੰਸਾਰਕ ਰੁਚੀਆਂ ਇਸ ਮਨ ਨੂੰ ਟਿਕਣ ਨਹੀਂ ਦੇਂਦੀਆਂ। ਜਿਸ ਤਰ੍ਹਾਂ ਹਵਾ ਦੇ ਝੋਲੇ ਪਾਣੀ ਨੂੰ ਹਿਲਾਈ ਰਖਦੇ ਹਨ ਇਸੀ ਤਰ੍ਹਾਂ ਤ੍ਰਿਸ਼ਨਾਵਾਂ ਮਨ ਨੂੰ ਚੰਚਲ ਕਰੀ ਰਖਦੀਆਂ ਹਨ। ਇਹ ਕੇਵਲ ਗੁਰਬਾਣੀ ਦੇ ਸੰਗੀਤ ਦੁਆਰਾ ਹੀ ਟਿਕਾਉ ਵਿਚ ਆਉਂਦਾ ਹੈ। ਉਚੀ ਉਚੀ ਪਾਠ ਕਰਨਾ ਜਾਂ ਕੀਰਤਨ ਕਰਨਾ ਬਾਣੀ ਦਾ ਜਾਪ ਕਰਨਾ ਹੈ। ਕੀਰਤਨ ਕਰਨਾ ਹੀ ਸ਼ਬਦ ਨਾਲ ਜੁੜਨਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸਿਖਾਂ ਨੂੰ ਉਪਦੇਸ਼ ਦੇਂਦੇ ਹਨ ਕਿ ਕਲਜੁਗ ਵਿਚ ਕੀਰਤਨ ਸਮਾਨ ਹੋਰ ਕੋਈ ਤਪ ਨਹੀਂ।

ਪਾਠ ਕਰਨਾ ਖੂਹ ਦੇ ਪਾਣੀ ਸਮਾਨ ਹੈ, ਜੋ ਕੇਵਲ ਆਪਣੀਆਂ ਪੈਲੀਆਂ ਜਾਂ ਕੁਝ ਨੇੜੇ ਦੀਆਂ ਪੈਲੀਆਂ ਨੂੰ ਹੀ ਪਹੁੰਚਾਇਆ ਜਾ ਸਕਦਾ ਹੈ, ਪਰ ਕੀਰਤਨ ਗਜ ਕੇ ਵਰਸੇ ਉਸ ਮੇਘ ਵਾਂਗਣ ਹੈ ਜੋ ਸਾਰੀਆਂ ਥਾਵਾਂ ਨੂੰ ਪਾਣੀ ਨਾਲ ਭਰ ਦੇਂਦਾ ਹੈ। ਠੀਕ ਇਸੀ ਤਰ੍ਹਾਂ 'ਕੀਰਤਨ' ਸੰਗਤ ਵਿਚ ਜੁੜੇ ਅਨੇਕਾਂ ਵਿਅਕਤੀਆਂ ਨੂੰ ਰਸ ਪ੍ਰਦਾਨ ਕਰਦਾ ਹੈ।

ਕੀਰਤਨ ਦੀ ਸਿੱਖ ਧਰਮ ਵਿਚ ਇਤਨੀ ਮਹਾਨਤਾ ਹੈ ਕਿ ਜਿਸ ਦੀ ਉਪਮਾ ਗੁਰੂ ਜੀ ਆਪ ਕਰਦੇ ਹਨ :–

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ॥ (ਪੰਨਾ ੧੩੦੦)

ਪੁਨਾ–ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥ (੭੪੭)

ਇਸ ਤਰ੍ਹਾਂ ਇਹਨਾਂ ਸ਼ਬਦਾਂ ਰਾਹੀਂ ਗੁਰੂ ਜੀ ਜਗਿਆਸੂ ਨੂੰ ਇਹ ਨਿਸਚੇ ਕਰਾਂਦੇ ਹਨ ਕਿ ਜੇ ਤੂੰ ਹਰੀ ਦੀ ਕੀਰਤੀ ਕਰੇਂਗਾ ਤਾਂ ਤੈਨੂੰ ਮਨ-ਬਾਂਛਤ ਫਲ ਮਿਲੇਗਾ, ਤੇਰੀ ਜਮਾਂ ਦੀ ਫਾਂਸੀ ਕਟੀ ਜਾਏਗੀ, ਤੈਨੂੰ ਸਦੀਵੀ ਸੁਖ ਤੇ ਸ਼ਾਂਤੀ ਪ੍ਰਾਪਤ ਹੋਵੇਗੀ।



www.AKJ.Org

ਚੂੰਕਿ ਅਸੀਂ ਕੀਰਤਨ ਕਰਨ ਵੇਲੇ ਆਪਣੇ ਮਨ ਨੂੰ ਕੀਰਤਨ ਵਿਚ ਜੋੜਦੇ ਨਹੀਂ, ਇਸ ਲਈ ਸਾਨੂੰ ਇਹ ਸਾਰੇ ਫਲ ਪ੍ਰਾਪਤ ਨਹੀਂ ਹੁੰਦੇ। ਸਾਡਾ ਸਰੀਰ ਤਾਂ ਗੁਰਦੁਆਰੇ ਬੈਠਾ ਹੁੰਦਾ ਹੈ ਤੇ ਭਾਵੇਂ ਕੰਨ ਵੀ ਕੀਰਤਨ ਦੀ ਆਵਾਜ਼ ਸੁਣ ਰਹੇ ਹੁੰਦੇ ਹਨ, ਪਰ ਸਾਡਾ ਮਨ ਕਿਧਰੇ ਹੋਰ ਹੁੰਦਾ ਹੈ। ਸਾਡਾ ਜਤਨ ਹੋਣਾ ਚਾਹੀਦਾ ਹੈ ਕਿ ਏਧਰ ਉਧਰ ਦੌੜਦੇ ਮਨ ਨੂੰ ਮੁੜ ਮੁੜ ਕੀਰਤਨ ਵਲ ਮੋੜੀਏ, ਤਾਂ ਜੁ ਕੀਰਤਨ ਦਾ ਰਸ ਮਾਣ ਸਕੀਏ।

ਸ਼ਬਦ ਦੇ ਅਰਥ-ਭਾਵ ਨੂੰ ਨਾ ਸਮਝਣ ਕਰਕੇ ਅਸੀਂ ਆਪਣੀ ਸੁਰਤਿ ਨੂੰ ਸ਼ਬਦ ਵਿਚ ਨਹੀਂ ਜੋੜ ਸਕਦੇ। ਸੋ ਕੀਰਤਨ ਕਰਨ ਵੇਲੇ ਐਸੇ ਸ਼ਬਦ ਲੈਣੇ ਚਾਹੀਦੇ ਹਨ ਜਿਨ੍ਹਾਂ ਦਾ ਅਰਥ-ਭਾਵ ਸਪੱਸ਼ਟ ਹੋਵੇ।

ਸਿਖ ਧਰਮ ਵਿਚ ਹਰ ਵਿਅਕਤੀ ਨੂੰ ਕੀਰਤਨ ਕਰਨ ਦੀ ਖੁਲ੍ਹ ਹੈ। ਪਰ ਇਹ ਦਾਤਿ ਕਿਸੇ ਵਿਰਲੇ ਭਾਗਾਂ ਵਾਲੇ ਨੂੰ ਸੱਚੇ ਪਾਤਸ਼ਾਹ ਦੀ ਮੇਹਰ ਸਦਕਾ ਪ੍ਰਾਪਤ ਹੁੰਦੀ ਹੈ। ਕਿਸੇ ਭਾਗਾਂ ਵਾਲੇ ਦਾ ਮਨ ਕੀਰਤਨ ਵਿਚ ਜੁੜਦਾ ਹੈ। ਜਿਸ ਦਾ ਮਨ ਜੁੜ ਜਾਂਦਾ ਹੈ ਉਹ ਸਭ ਕੁਝ ਪ੍ਰਾਪਤ ਕਰ ਲੈਂਦਾ ਹੈ।

ਗੁਰੂ ਅਰਜਨ੍ਹ ਦੇਵ ਜੀ ਦਸਦੇ ਹਨ ਕਿ ਕੀਰਤਨੀਏ ਨੂੰ ਇਕ ਅਕਾਲ ਪੁਰਖ ਦੀ ਮੂਰਤ ਵਿਚ ਤੇ ਸ਼ਬਦ ਵਿਚ ਸੁਰਤਿ ਟਿਕਾ ਕੇ ਕੀਰਤਨ ਕਰਨਾ ਚਾਹੀਦਾ ਹੈ। ਸ਼ਬਦ ਦਾ ਸੰਬੰਧ ਸਿੱਧਾ ਪਰਮਾਤਮਾ ਨਾਲ ਹੁੰਦਾ ਹੈ। ਕਿਉਂਕਿ ਉਸ ਵਿਚ ਪ੍ਰਮਾਤਮਾ ਦੀ ਸਿਫਤ-ਸਾਲਾਹ ਹੁੰਦੀ ਹੈ। ਕੀਰਤਨੀਏ ਨੂੰ ਕੀਰਤਨ ਕਰਨ ਵੇਲੇ ਇਸ ਗੱਲ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ ਕਿ ਉਹ ਅਕਾਲ ਪੁਰਖ ਪਰਮਾਤਮਾ ਦਾ ਕੀਰਤਨ ਕਰ ਰਿਹਾ ਹੈ, ਜੋ ਸਰਬ ਵਿਆਪੀ ਹੈ, ਤੇ ਸਭ ਵਿਚ ਸਮਾਇਆ ਹੋਇਆ ਹੈ।

ਬਹੁਤ ਸਾਰੇ ਰਾਗੀ ਸਿੰਘ ਕੇਵਲ ਮਾਇਆ ਖਾਤਰ ਹੀ ਕੀਰਤਨ ਕਰਦੇ ਹਨ। ਉਹਨਾਂ ਦਾ ਧਿਆਨ, ਜਿਹੜਾ ਸ਼ਬਦ ਵਿਚ ਜੁੜਨਾ ਚਾਹੀਦਾ ਸੀ, ਮਾਇਆ ਵਲ ਹੀ ਰਹਿੰਦਾ ਹੈ ਅਤੇ ਵੇਖ ਰਿਹਾ ਹੁੰਦਾ ਹੈ ਕਿ ਕਿਹੜਾ ਕਿਹੜਾ ਵਿਅਕਤੀ ਸ਼ਬਦ-ਭੇਟ ਦੇ ਰਿਹਾ ਹੈ। ਜਿਸ ਮਾਇਆ ਕੋਲੋਂ ਬਚਣ ਲਈ ਬਾਣੀ ਪੜ੍ਹਨੀ ਸੁਨਣੀ ਸੀ ਉਹ ਬਾਣੀ ਮਾਇਆ ਦਾ ਸਾਧਨ ਬਣ ਗਈ।

ਸੋ ਸਿਖ ਧਰਮ ਅੰਦਰ ਪ੍ਰੇਮ-ਪੂਰਬਕ ਕੀਤਾ ਹੋਇਆ ਹੀ ਗੁਰਬਾਣੀ ਦਾ ਕੀਰਤਨ ਪ੍ਰਵਾਨ ਹੈ।

---

# ਲੇਖਾ ਨਿਬੜੇ ਨਾ, ਫੇਰ ਪਿਆ ਪਛਤਾਵੇਂ

[ਗਿਆਨੀ ਸਰੂਪ ਸਿੰਘ ਜੀ ਦਰਵੇਸ਼, ਖੰਨਾ]

ਵਿਆਹ ਸ਼ਾਦੀਆਂ ਉਤੇ ਵੀਰਾ! ਪੈਸਾ ਖੂਬ ਲੁਟਾਵੇਂ।
ਨੱਕ ਰਖਣ ਦੀ ਖ਼ਾਤਰ ਕੇਵਲ, ਕਰਜ਼ਾ ਪਿਆ ਚੜ੍ਹਾਵੇਂ।
ਚਾਰ ਦਿਨਾਂ ਦੀ ਵਾਹ ਵਾਹ ਖ਼ਾਤ੍ਰ, ਪਿੱਛੋਂ ਵਰੰਟ ਕਢਾਵੇਂ।
ਖਾਊ ਪੀਰ ਪ੍ਰੇਮੀ ਜਿਹੜੇ, ਪਾਸ ਮੂਲ ਨਾ ਆਵੇ।
ਲੇਖਾ ਨਿਬੜੇ ਨਾ, ਫੇਰ ਪਿਆ ਪਛਤਾਵੇਂ।

ਵਿਆਹ ਸ਼ਾਦੀਆਂ ਵੇਲੇ ਭੈਣਾਂ, ਗੀਤ ਗਾਉਂਦੀਆਂ ਗੰਦੇ।
ਸੁਣ ਕੇ ਸਿਆਣੇ ਬੁਰਾ ਮਨਾਵਣ, ਹੋਰ ਭੀ ਚੰਗੇ ਬੰਦੇ।
ਕੀਰਤਨ ਕਰਕੇ ਜਨਮ ਸੁਧਾਰੋ, ਭਜਨ ਸੁਣਾਵੋ ਛੰਦੇ।
ਲੋਕ ਸੁਖੀ ਪ੍ਰਲੋਕ ਸੁਹੇਲੇ, ਲਾਵਣ ਤੁਹਾਨੂੰ ਹੰਦੇ।
ਸਿਮਰਨ ਕਰ ਲੋ ਜੀ, ਹੋਰ ਛਡ ਕੇ ਧੰਦੇ।

ਗਹਿਣਾ ਗੱਟਾ ਪਾਉਣ ਬੀਬੀਆਂ, ਇਹ ਭੀ ਵਾਦੀ ਮਾੜੀ।
ਸਭ ਤੋਂ ਅੱਛਾ ਗਹਿਣਾ ਸਿਮਰਨ, ਜੋ ਹੈ ਸੱਚਾ ਆੜੀ।
ਰਹਿਣੀ ਬਹਿਣੀ ਸਾਦਾ ਹੋਵੇ, ਦਾਜ ਨਾ ਹੋਵੇ ਸਾੜ੍ਹੀ।
ਹੋਰ ਅਨੇਕਾਂ ਕੰਮ ਤੁਸਾਂ ਦੇ, ਮਾਇਆ ਜੋੜੀ ਜਾੜੀ।
ਐਵੇਂ ਖੋਵੋ ਨਾ, ਕਰੀ ਕਮਾਈ ਗਾੜ੍ਹੀ।

ਦਾਜ ਵਾਲੀ ਹੈ ਚਲੀ ਬੀਮਾਰੀ, ਕਿਉਂ ਨਾ ਤੁਸੀਂ ਹਟਾਓ।
ਲਾਲਚ ਕਰਦੇ ਬੰਦੇ ਜਿਹੜੇ, ਮੂੰਹ ਨਾ ਉਨ੍ਹਾਂ ਲਗਾਓ।
ਖਬਰਾਂ ਪੜ੍ਹਕੇ ਦੁੱਖੀ ਹੁੰਦੇ ਹੋ, ਜਾਨਾਂ ਬਹੁਤ ਗਵਾਓ।
ਗੁਰਮੁਖ ਬਣ ਕੇ ਗੁਰਮੁੱਖ ਟੋਲੋ, ਚੰਗੇ ਤਾਂ ਹੀ ਕਹਾਓ।
ਸਿਮਰਨ ਕਰ ਮਿਤਰਾ, ਐਵੇਂ ਨਾ ਜੂਨ ਗਵਾਓ।



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

[ਕਿਸ਼ਤ ੨੯ਵੀਂ, ਲੜੀ ਜੋੜਨ ਲਈ ਵੇਖੋ ਸੂਰਾ ਜਨਵਰੀ ੧੯੮੧]

[ਕੈਪਟਨ ਸਵਰਨ ਸਿੰਘ ਜੀ ਘੜਿਆਲਾ]

ਕਾਜ਼ੀ ਨੂਰ ਮੁਹੰਮਦ ਲਿਖਦੇ ਹਨ :–

"ਬਲੋਚਾਂ ਦਾ ਸਰਦਾਰ ਨਸੀਰ ਖਾਨ ਆਪਣੀ ਕਮਾਨ ਵਿਚਲੀ ਫੌਜ ਦਾ ਕੁਝ ਹਿਸਾ ਲੈ ਕੇ ਸੱਜੇ ਪਾਸੇ ਵੱਲ ਗਿਆ ਸੀ, ਜਿਧਰ ਕਿ ਸਿਖਾਂ ਨੇ ਚੰਗਾ ਜ਼ੋਰ ਪਾ ਲਿਆ ਸੀ। ਇਸ ਨੇ ਲੜਾਈ ਵਿਚ ਖੂਬ ਹੱਥ ਵਿਖਾਏ ਤੇ ਸਿਖਾਂ ਨੂੰ ਪਿਛਾਂਹ ਧਕ ਦਿਤਾ, ਜਦ ਸਿਖ ਪਿਛੇ ਹਟੇ ਤਾਂ ਖਾਨ ਤੇ ਉਸ ਦੀ ਫੌਜ ਹੱਲਾ ਕਰ ਕੇ ਉਨ੍ਹਾਂ ਦੇ ਗਲ ਜਾ ਪਏ। ਸਿਖ ਕੁਝ ਦੂਰ ਤਾਈਂ ਇੰਜ ਅੱਗੇ ਅਗੇ ਨੱਸੇ ਗਏ ਤੇ ਜਦ ਉਨ੍ਹਾਂ ਵੇਖਿਆ ਕਿ ਖਾਨ ਦੀ ਫੌਜ ਦੀ ਤਰਤੀਬ ਟੁਟ ਗਈ ਹੈ ਅਤੇ ਖਿੰਡ ਗਈ ਹੈ ਤੇ ਖਾਨ ਨਾਲ ਮਸਾਂ ਪੰਜਾਹ ਕੁ ਸਵਾਰ ਹੀ ਰਹਿ ਗਏ ਹਨ ਤਾਂ ਉਹ ਇਕ-ਦੱਮ ਮੁੜ ਪਏ ਤੇ ਖਾਨ ਨੂੰ ਚੁਤਰਫੋਂ ਘੇਰੇ ਵਿਚ ਲੈ ਲਿਆ। ਹੁਣ ਖਾਨ ਤੇ ਉਸ ਦੇ ਇਹ ਸਾਥੀ ਝਟ ਘੋੜਿਆਂ ਤੋਂ ਥਲੇ ਹੋ ਕੇ ਖੜੋ ਗਏ ਤੇ ਲਗੇ ਸਿਖਾਂ ਦਾ ਡਟ ਕੇ ਮੁਕਾਬਲਾ ਕਰਨ। ਸਿਖਾਂ ਨੇ ਬੜਾ ਜ਼ੋਰ ਲਾਇਆ, ਪਰ ਖਾਨ ਤੇ ਉਸ ਦੇ ਸਾਥੀ ਚਟਾਨ ਵਾਂਗ ਡੱਟੇ ਰਹੇ ਤੇ ਆਪਣੇ ਪੈਂਤੜੇ ਤੋਂ ਨਾ ਹਿੱਲੇ। ਕੁਝ ਸਿਖ ਵੀ ਮਰੇ, ਕੁਝ ਇਧਰੋਂ ਗਾਜ਼ੀ ਵੀ ਸ਼ਹੀਦ ਹੋਏ। ਪੇਸ਼ੀ ਦੀ ਨਿਮਾਜ਼ ਵੇਲੇ ਤੋਂ ਲੈ ਕੇ ਅਗਲੀ ਨਿਮਾਜ਼ ਤਕ ਲੜਾਈ ਹੁੰਦੀ ਰਹੀ। ਇਸ ਵੇਲੇ ਤੱਕ ਸਿਖ ਵੀ ਪਿਛਾਂਹ ਹਟ ਗਏ। ਖਾਨ ਵੀ ਆਪਣੇ ਬਾਕੀ ਗਾਜ਼ੀਆਂ ਨੂੰ ਲੈ ਕੇ ਲਸ਼ਕਰ ਵੱਲ ਵਾਪਸ ਮੁੜ ਆਇਆ।

ਖਾਨ ਆਪਣੀ ਫ਼ੌਜ ਲੈ ਕੇ ਅਜੇ ਲਸ਼ਕਰ ਦੇ ਲਾਗੇ ਹੀ ਸੀ ਕਿ ਸਿਖਾਂ ਦਾ ਇਕ ਦਲ ਆਣ ਪਿਆ ਤੇ ਬੜੀ ਤੇਜ਼ੀ ਨਾਲ ਅੱਗੇ ਵਧਿਆ। ਇਸ ਵੇਲੇ ਸਿਖਾਂ ਦੀ ਫੌਜ ਦਾ ਇਹ ਹਿੱਸਾ ਪਾਤਸ਼ਾਹ ਦੀ ਫੌਜ ਤੇ ਨਸੀਰ ਖਨ ਦੇ ਵਿਚਕਾਰ ਆ ਚੁਕਿਆ ਸੀ। ਦੋਵੇਂ ਪਾਸੇ ਜੀ ਤੋੜ ਕੇ ਲੜੇ ਤੇ ਬੜੀ ਗਹਿਗਚ ਲੜਾਈ ਹੋਈ। ਇਹ ਲੜਾਈ ਸੂਰਜ ਡੁਬਣ ਤੋਂ ਪਿਛੋਂ ਅਨ੍ਹੇਰਾ ਹੋ ਜਾਣ ਤੱਕ ਜਾਰੀ ਰਹੀ। ਆਖ਼ਿਰ ਸਿਖ ਹਟ ਕੇ ਮੁੜ ਗਏ ਤੇ ਗਾਜ਼ੀ ਆਰਾਮ ਕਰਨ ਲਈ ਆਪੋ ਆਪਣੇ ਡੇਰਿਆਂ ਵਿਚ ਆ ਗਏ।

ਅਜ ਦੀ ਲੜਾਈ ਵਿਚ ਗਾਜ਼ੀਆਂ ਨੇ ਪੰਜ ਸੌ ਸਿਖਾਂ ਦੇ ਸਿਰ ਵਢੇ ਸਨ। ਵਢੇ ਸਿਰਾਂ ਦੀ ਗਿਣਤੀ ਕਰ ਕੇ ਦਫਤਰ ਵਿਚ ਲਿਖੀ ਗਈ। ਇਹ ਵੀ ਪਤਾ ਲਗਾ ਸੀ ਕਿ ਬਲੋਚਾਂ ਦੀ ਫੌਜ ਨੇ ਇਕ ਸੌ ਚਵ੍ਹੀ (ਇਕ ਘਟ ਸਵਾ ਸੌ) ਸਿਖਾਂ ਦੇ ਸਿਰ ਵਢੇ ਸਨ। ਗਾਜ਼ੀਆਂ ਦੀਆਂ ਬੰਦੂਕਾਂ, ਤੀਰਾਂ, ਤਲਵਾਰਾਂ ਤੇ ਨੇਜ਼ਿਆਂ ਨਾਲ ਕਿੰਨੇ ਕੁ ਸਿਖ ਜ਼ਖਮੀ ਹੋਏ, ਇਸ ਦੇ ਹਿਸਾਬ ਦਾ ਕੋਈ ਪਤਾ ਨਹੀਂ ਲਗ ਸਕਿਆ।"

ਨੋਟ :–ਕਾਜ਼ੀ ਨੂਰ ਮੁਹੰਮਦ ਨੇ ਜਿੰਨਿਆਂ ਕੁ ਸਿਖ-ਸਰਦਾਰਾਂ ਦੇ ਨਾਮ ਲਿਖੇ ਹਨ ਕਿ ਉਹ ਇਸ ਲੜਾਈ ਵਿਚ ਸ਼ਾਮਲ ਸਨ, ਇਸ ਦਾ ਅਰਥ ਇਹ ਨਹੀਂ ਕਿ ਇਸ ਯੁਧ ਵਿਚ ਸਿਰਫ ਏਨਿਆਂ ਹੀ ਸਰਦਾਰਾਂ ਨੇ ਹਿੱਸਾ ਲਿਆ। ਉਹ ਸਿਰਫ ਮੋਟੇ ਮੋਟੇ ਸਰਦਾਰਾਂ ਦਾ ਹੀ ਜ਼ਿਕਰ ਕਰਦਾ ਹੈ। ਉਸ ਵੇਲੇ ਦੀਆਂ ਲੜਾਈਆਂ ਵਿਚ ਯੁਧ-ਖੇਤਰ ਵਿਚ ਸੈਨਾ ਦੀ ਸਫ-ਬੰਦੀ ਕਰ ਕੇ ਉਸ ਦੇ ਵਿਚਕਾਰ ਉਹੋ ਹੀ ਉਘੀ ਥਾਂ ਤੇ ਖਲੋਇਆ ਕਰਦਾ ਸੀ ਜਿਸ ਦੇ ਹੁਕਮ ਵਿਚ ਸਾਰੀ ਸੈਨਾ ਹੋਵੇ। ਜੋ ਜੰਗ ਦਾ ਰੁਖ਼ ਵੇਖ ਕੇ ਫੌਜ ਨੂੰ ਅਗਾਂਹ ਵਧ ਕੇ ਹੱਲਾ ਕਰਨ ਦਾ ਜਾਂ ਪਿਛੇ ਹਟਣ ਦਾ ਜਾਂ ਕੋਈ ਹੋਰ ਯੁਧ-ਚਾਲ ਅਖ਼ਤਿਆਰ ਕਰ ਕੇ ਵੈਰੀ ਨੂੰ ਘੇਰੇ ਵਿਚ ਲੈਣ ਦਾ ਹੁਕਮ ਦੇ ਸਕੇ। ਉਹ ਅਵੱਸ਼ ਯੁਧ ਦਿਆਂ ਢੰਗਾਂ ਦਾ ਚੰਗਾ ਮਾਹਿਰ ਹੋਵੇਗਾ। ਪਾਤਸ਼ਾਹ ਦੇ ਮੁਕਾਬਲੇ ਤੇ ਧਰਮ-ਬੀਰਾਂ ਦੇ ਲਸ਼ਕਰ ਨੂੰ ਲੜਾਉਣ ਵਾਲਾ ਆਪਣੇ ਲੋਕਾਂ ਵਿਚ ਪਾਤਸ਼ਾਹੀ ਹੈਸੀਅਤ ਹੀ ਰਖਦਾ ਹੋਵੇਗਾ।



www.AKJ.Org

ਸੋ ਨੂਰ ਮੁਹੰਮਦ ਦੇ ਬਿਆਨ ਅਨੁਸਾਰ ਸਿਖਾਂ ਵਿਚ ਇਸ ਪਦਵੀ ਵਾਲੀ ਥਾਂ ਤੇ ਖਲੋਣ ਵਾਲਾ ਸ: ਜੱਸਾ ਸਿੰਘ ਜੀ ਆਹਲੂਵਾਲੀਆ (ਸੁਲਤਾਨ-ਉਲ-ਕੌਮ) ਸੀ। ਇਹਨਾਂ ਦੇ ਨਾਲ ਜੋ ਖੜੇ ਦਸਦਾ ਹੈ ਉਹ ਸ: ਜੱਸਾ ਸਿੰਘ ਜੀ ਰਾਮਗੜ੍ਹੀਆ ਸਨ। ਦੂਜੇ ਸਰਦਾਰ ਜੋ ਸੱਜੇ ਖੱਬੇ ਖੜੇ ਸਨ, ਉਹ ਸ: ਚੜ੍ਹਤ ਸਿੰਘ, ਸ: ਝੰਡਾ ਸਿੰਘ, ਲਹਿਣਾ ਸਿੰਘ ਤੇ ਜੈ ਸਿੰਘ; (ਸੱਜੇ ਹੱਥ) ਸ: ਹਰੀ ਸਿੰਘ ਭੰਗੀ, ਗੁਲਾਬ ਸਿੰਘ, ਗੁਜਰ ਸਿੰਘ ਤੇ ਰਾਮਦਾਸ (ਖਬੇ ਹੱਥ) ਸਨ। ਇਹਨਾਂ ਤੋਂ ਇਲਾਵਾ ਉਸ ਨੇ ਹੋਰ ਨਾਮ ਨਹੀਂ ਦਸੇ।

ਰਾਮਦਾਸ ਬਾਰੇ ਕੋਈ ਪਤਾ ਨਹੀਂ ਲਗਦਾ ਕਿ ਇਹ ਕੌਣ ਸੀ। ਇਹ ਤਾਂ ਮੰਨਣਾ ਪਊ ਕਿ ਹੋਊਗਾ ਕੋਈ ਉਘਾ ਹੀ ਸਰਦਾਰ, ਨਹੀਂ ਤਾਂ ਨੂਰ ਮੁਹੰਮਦ ਨੂੰ ਕੀ ਪਤਾ ਲਗਣਾ ਸੀ ਤੇ ਉਹ ਇਸ ਦਾ ਜ਼ਿਕਰ ਕਿਉਂ ਕਰਦਾ। ਸਰਹੰਦ ਮਾਰਨ ਤੋਂ ਪਿਛੋਂ ਜੋ ਸਿੰਘਾਂ ਮੱਲਾਂ ਮੱਲੀਆਂ ਸਨ ਉਨ੍ਹਾਂ ਵਿਚ ਵੀ ਰਾਮਦਾਸ ਦਾ ਨਾਮ ਨਹੀਂ ਆਉਂਦਾ। ਇਸ ਤੋਂ ਪਹਿਲੀਆਂ ਲੜਾਈਆਂ ਵਿਚ ਵੀ ਕੋਈ ਜ਼ਿਕਰ ਨਹੀਂ ਮਿਲਦਾ। ਇਹ ਵੀ ਸਮਝ ਨਹੀਂ ਆਉਂਦੀ ਕਿ ਉਹ ਸਿੰਘਾਂ ਨਾਲ ਰਲ ਕੇ ਨਿਰਾ ਰਾਮਦਾਸ ਹੀ ਰਿਹਾ ਹੋਵੇਗਾ ! ਜਿਸ ਕੌਮ ਦੇ ਸੁਨਹਿਰੀ ਇਤਿਹਾਸ ਦੀਆਂ ਕੜੀਆਂ ਇੰਝ ਖਿੰਡ-ਪੁੰਡ ਤੇ ਰੁਲ-ਖੁਲ ਗਈਆਂ ਹੋਣ, ਉਸ ਦੇ ਨੁਕਸਾਨ ਦਾ ਕੀ ਬੰਨਾ ਮੇਚ ਹੋ ਸਕਦਾ ਹੈ !

ਇਕ ਗੱਲ ਬਿਲਕੁਲ ਸਾਫ਼ ਹੈ ਕਿ ਇਸ ਲੜਾਈ ਵਿਚ ਜਾਂ ਅਗਲੀਆਂ ਛੇ ਦਿਨਾਂ ਦੀਆਂ ਲੜਾਈਆਂ ਵਿਚ ਫੂਲਕੀਆ ਮਿਸਲ ਦਾ ਕੋਈ ਸਰਦਾਰ ਸ਼ਾਮਲ ਨਹੀਂ ਹੋਇਆ।

ਕਾਜ਼ੀ ਨੂਰ ਮੁਹੰਮਦ ਦੇ ਕਥਨ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਲੜਾਈਆਂ ਵਿਚ ਜਿਨ੍ਹਾਂ ਸਰਦਾਰਾਂ ਹਿਸਾ ਲਿਆ, ਉਹ ਤਰੁਣਾ ਦਲ ਦੀਆਂ ਮਿਸਲਾਂ ਦੇ ਹੀ ਸਰਦਾਰ ਸਨ। ਉਸ ਨੇ ਸ: ਜੱਸਾ ਸਿੰਘ ਆਹਲੂ-ਵਾਲੀਏ ਦਾ ਜ਼ਿਕਰ ਤਾਂ ਕੀਤਾ ਹੈ, ਪਰ ਬੁਢਾ ਦਲ ਦੀਆਂ ਹੋਰ ਮਿਸਲਾਂ ਦਾ ਜ਼ਿਕਰ ਨਹੀਂ ਹੈ। ਇਹ ਵੀ ਨਹੀਂ ਮੰਨਿਆ ਜਾ ਸਕਦਾ ਕਿ ਬੁਢਾ ਦਲ ਪਿਛਾਂਹ ਦਿੱਲੀ ਵਲ ਹੀ ਰਹਿ ਗਿਆ ਹੋਵੇ ਤੇ ਸ: ਜੱਸਾ ਸਿੰਘ ਜੀ ਆਹਲੂਵਾਲੀਏ ਇਕੱਲੇ ਹੀ ਆਏ ਹੋਣ। ਇਹ ਗੱਲ ਕਦਾਚਿਤ ਨਹੀਂ ਹੋ ਸਕਦੀ। ਜੇ ਸ: ਜੱਸਾ ਸਿੰਘ ਜੀ ਆਹਲੂਵਾਲੀਆ ਸ਼ਾਮਲ ਸਨ ਤਾਂ ਬੁਢਾ ਦਲ ਵੀ ਸ਼ਾਮਲ ਹੋਵੇਗਾ।

ਇਕ ਗੱਲ ਸਾਫ ਹੈ ਕਿ ਤਰੁਣਾ ਦਲ ਦੀਆਂ ਮਿਸਲਾਂ ਦੇ ਲੜਨ ਵਾਲੇ ਸਰਦਾਰਾਂ ਵਿਚ ਭੰਗੀ ਮਿਸਲ ਦਿਆਂ ਸਰਦਾਰਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਇਹ ਬੜੀ ਤਕੜੀ ਮਿਸਲ ਸੀ। ਬਹੁਤੇ ਜਥੇਦਾਰ ਭੰਗੀਆਂ ਦੀ ਮਿਸਲ ਦੇ ਹੀ ਸਨ। ਸਾਰੀਆਂ ਮਿਸਲਾਂ ਦੇ ਇਤਿਹਾਸ ਨੂੰ ਗਹੁ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਭੰਗੀਆਂ ਦੀ ਮਿਸਲ ਸੂਰਮਿਆਂ ਦਾ ਸੋਮਾ ਸੀ। ਇਸ ਮਿਸਲ ਨੇ ਜਿੰਨੇ ਜ਼ਬਰਦਸਤ ਤੇ ਸਿਰਲੱਥ ਸੂਰਮੇ ਪੈਦਾ ਕੀਤੇ ਹਨ ਓਨੇ ਬਾਕੀ ਦੀਆਂ ਯਾਰ੍ਹਾਂ ਮਿਸਲਾਂ ਵਿਚ ਨਹੀਂ ਹੋਏ। ਇਲਾਕਾ ਵੀ ਬਾਕੀ ਸਾਰੀਆਂ ਮਿਸਲਾਂ ਜਿੰਨਾ ਭੰਗੀ ਮਿਸਲ ਪਾਸ ਹੀ ਸੀ। ਸ: ਚੜ੍ਹਤ ਸਿੰਘ ਜੀ ਵੀ ਪਹਿਲਾਂ ਭੰਗੀ ਮਿਸਲ ਵਿਚ ਹੀ ਸ਼ਾਮਲ ਸਨ। ਥੋੜੀ ਦੇਰ ਪਿਛੋਂ ਜਦ ਤਕੜੇ ਹੋ ਗਏ ਤਾਂ ਆਪਣੀ ਵਖਰੀ ਸ਼ੁਕਰਚੱਕੀਆ ਮਿਸਲ ਬਣਾ ਲਈ। ਨੂਰ ਮੁਹੰਮਦ ਦੇ ਬਿਆਨ ਅਨੁਸਾਰ ਲੜਾਈ ਵਿਚ ਸ਼ਾਮਲ ਜਥੇਦਾਰਾਂ ਦੇ ਨਾਮਾਂ ਤੋਂ ਪਤਾ ਲਗਦਾ ਹੈ ਕਿ ਸ: ਜੱਸਾ ਸਿੰਘ ਆਹਲੂਵਾਲੀਏ, ਸ: ਚੜ੍ਹਤ ਸਿੰਘ ਸ਼ੁਕਰਚਕੀਏ, ਸ: ਜੱਸਾ ਸਿੰਘ ਰਾਮਗੜ੍ਹੀਏ ਤੇ ਸ: ਜੈ ਸਿੰਘ ਕਨ੍ਹਈਏ ਤੋਂ ਬਿਨਾਂ ਬਾਕੀ ਸਾਰੇ ਸਰਦਾਰ ਭੰਗੀ ਮਿਸਲ ਦੇ ਹੀ ਹਨ। ਭੰਗੀ ਮਿਸਲ ਦੀ ਬੜੀ ਵੱਡੀ ਘਾਲ ਹੈ। ਪਰ ਇਸ ਮਿਸਲ ਦੇ ਇਤਿਹਾਸ ਬਾਰੇ ਇਤਿਹਾਸਕਾਰਾਂ ਬੜਾ ਘਟ ਧਿਆਨ ਦਿਤਾ ਹੈ।

ਅਜ ਦੀ ਲੜਾਈ ਦੇ ਅੰਤ ਬਾਰੇ ਕਾਜ਼ੀ ਨੂਰ ਮੁਹੰਮਦ ਨੇ ਸਿਰਫ ਏਨਾ ਹੀ ਦਸਿਆ ਹੈ ਕਿ ਪੰਜ ਸੌ ਖਾਲਸੇ ਦਾ ਸਿਰ ਵਢਿਆ ਗਿਆ, ਜਿਨ੍ਹਾਂ ਦੀ ਗਿਣਤੀ ਕਰਕੇ ਦਫਤਰ ਵਿਚ ਲਿਖੀ ਗਈ। ਉਹਨਾਂ ਇਹ ਨਹੀਂ ਦਸਿਆ ਕਿ ਤੁਰਕਾਨੀ ਫੌਜ ਵਿਚੋਂ ਖਾਲਸੇ ਦੇ ਹਥੋਂ ਕਿੰਨੇ ਕੁ ਮਾਰੇ ਗਏ। ਜੇ ਪੰਜ ਸੌ ਤੋਂ ਘਟ ਦੁਰਾਨੀ


www.AKJ.Org

ਤੇ ਬਲੋਚ ਮਰੇ ਹੁੰਦੇ ਤਾਂ ਉਹਨਾਂ ਜ਼ਰੂਰ ਦਸਣਾ ਸੀ। ਅਵੱਸ਼ ਨੁਕਸਾਨ ਜ਼ਿਆਦਾ ਹੋਇਆ ਹੈ, ਜੋ ਇੰਜ ਪਰਦਾ-ਪੋਸ਼ੀ ਕੀਤੀ ਗਈ ਹੈ। ਅਜ ਦੇ ਦੌਰ ਵਿਚ ਵੀ ਸਰਕਾਰਾਂ ਹਾਦਸਿਆਂ ਜਾਂ ਦੂਸਰੀਆਂ ਦੁਰਘਟਨਾਵਾਂ ਵੇਲੇ ਨੁਕਸਾਨ ਨੂੰ ਘਟਾ ਕੇ ਹੀ ਦਸਦੀਆਂ ਹਨ। ਖਾਸ ਤੌਰ ਤੇ ਲੜਾਈ ਵੇਲੇ ਤਾਂ ਆਪਣਾ ਨੁਕਸਾਨ ਬਹੁਤ ਹੀ ਘਟ ਦਸਿਆ ਜਾਂਦਾ ਹੈ ਤੇ ਦੁਸ਼ਮਣ ਦਾ ਬਹੁਤ ਜ਼ਿਆਦਾ। ਸਿਰਫ਼ ਆਪਣੀ ਵਸੋਂ ਤੇ ਫ਼ੌਜਾਂ ਦਾ ਦਿਲ ਰਖਣ ਲਈ।

ਇਹ ਪਾਇਆ ਪਰਦਾ ਅਗੇ ਚੱਲ ਕੇ ਕਾਜ਼ੀ ਜੀ ਤੋਂ ਸਭਿਆਰੇ ਆਪੇ ਹੀ ਚੁਕਿਆ ਜਾਂਦਾ ਹੈ। ਅਹਿਮਦ ਸ਼ਾਹ ਖਾਲਸੇ ਹਥੋਂ ਜਾਨ ਛੁਡਾ ਕੇ ਜਦ ਝਨਾਂ ਦਰਿਆ ਦੇ ਪਹਿਲੇ ਛੇ ਨਾਲੇ ਆਸਾਨੀ ਨਾਲ ਲੰਘ ਗਿਆ ਤਾਂ ਅਖੀਰਲੇ ਦੋ ਨਾਲਿਆਂ ਵਿਚ,ਜੋ ਬਹੁਤ ਤੇਜ਼ ਤੇ ਡੂੰਘੇ ਸਨ, ਬਹੁਤ ਸਾਰੇ ਆਦਮੀ, ਜ਼ਨਾਨੀਆਂ, ਬੱਚੇ ਤੇ ਪਸ਼ੂ ਡੁਬ ਮੋਏ। ਕਿਆਮਤ ਵਰਗਾ ਨਜ਼ਾਰਾ ਸੀ। ਇਹ ਸਭ ਕੁਝ ਵੇਖ ਕੇ ਕਾਜ਼ੀ ਤ੍ਰਾਹਿਮਾਨ ਤ੍ਰਾਹਿਮਾਨ ਕਰ ਉਠਿਆ। ਉਸ ਨੇ ਲਿਖਿਆ ਹੈ ਕਿ ਇੰਨਾ ਨੁਕਸਾਨ ਤਾਂ ਸਿਖਾਂ ਹਥੋਂ ਵੀ ਨਹੀਂ ਸੀ ਹੋਇਆ ਜਿੰਨਾ ਝਨਾਂ ਦਰਿਆ ਨੇ ਕੀਤਾ ਹੈ। ਉਸ ਲਿਖਿਆ ਹੈ :—

ਚੁਨਾਂ ਕੁਸ਼ਤਾ ਗਸ਼ਤੰਦ ਮਰਦਮ ਦਰ ਆਬ। ਨਾ ਮਰਦਮ ਕਿ ਅਸ਼ਤਰ ਹਮ ਅਸਬੋ ਦਵਾਬ।
ਕਿ ਦਰ ਜੰਗਿ ਸਿਖਾਂ ਨ ਸ਼ੁਦ ਈਂ ਕਦਰ। ਤੂ ਤਸਦੀਕ ਦਾਂ ਈਂ ਖ਼ਬਰ ਐ ਪਿਸਰ।
(ਸਫ਼ਾ ੧੭੧, ਸਤਰਾਂ ੬੬-੬੭)

ਕਾਜ਼ੀ ਜੀ ਦੀ ਇਸ ਕੁਰਲਾਹਟ ਤੋਂ ਸਾਫ਼ ਤੇ ਸਹੀ ਸਹੀ ਅੰਦਾਜ਼ਾ ਲਗ ਸਕਦਾ ਹੈ ਕਿ ਖ਼ਾਲਸਾ ਜੀ ਦੇ ਹਥੋਂ ਬਹੁਤ ਜ਼ਿਆਦਾ ਗਾਜ਼ੀ 'ਜਨਤ ਦੇ ਰਾਹ' ਪਏ ਹੋਣਗੇ।

ਪਾਨੀਪਤ ਦੀ ਦੂਜੀ ਲੜਾਈ ਦੇ ਜ਼ਿਕਰ ਵਿਚ ਆਉਂਦਾ ਹੈ ਕਿ ਮਰਹੱਟਿਆਂ ਦੀਆਂ ਲਾਸ਼ਾਂ ਦੇ ਪੁਸ਼ਤੇ ਲਗ ਗਏ। ਇਕੋ ਥਾਂ ਤੇ ਹੀ ਵੀਹ ਹਜ਼ਾਰ ਲਾਸ਼ ਗਿਣੀ ਗਈ, ਜਿਥੇ ਮਹਹੱਟਾ ਸਰਦਾਰ ਮਾਰਿਆ ਗਿਆ ਸੀ। ਪਾਨੀਪਤ ਦੀ ਲੜਾਈ ਕੁਝ ਘੰਟੇ ਹੀ ਹੋਈ ਸੀ। ਹਜ਼ਾਰਾਂ ਦੀ ਗਿਣਤੀ ਵਿਚ ਮਰਹੱਟੇ ਦੁਰਾਨੀ ਤੇਗ ਦੀ ਭੇਟ ਚੜ੍ਹ ਗਏ। ਇਹ ਲੜਾਈ ਅਜ ਵਾਲੀ ਲੜਾਈ ਤੋਂ ਸਿਰਫ ੪ ਕੁ ਸਾਲ ਹੀ ਪਹਿਲਾਂ ਹੋਈ ਸੀ। ਉਸ ਲੜਾਈ ਵਿਚ ਲੜਨ ਵਾਲੇ ਬਹੁਤ ਸਾਰੇ ਗਾਜ਼ੀ ਅਜ ਵਾਲੀ ਲੜਾਈ ਵਿਚ ਵੀ ਸ਼ਾਮਲ ਹੋਣਗੇ। ਅਜ ਦੀ ਲੜਾਈ ਕਾਜ਼ੀ ਜੀ ਦੇ ਕਥਨ ਅਨੁਸਾਰ ਸੂਰਜ ਡੁਬਣ ਤੋਂ ਪਿਛੋਂ 'ਇਸ਼ਾ' ਦੀ ਨਿਮਾਜ਼ ਤਕ (ਇਸ਼ਾ ਦੀ ਨਿਮਾਜ਼ ਕਾਫੀ ਅਨ੍ਹੇਰਾ ਹੋਏ ਪੜ੍ਹੀ ਜਾਂਦੀ ਹੈ) ਹੁੰਦੀ ਰਹੀ। ਪਰ ਕਾਜ਼ੀ ਸਿਰਫ ਪੰਜ ਸੌ ਕਾਫਰ ਹੀ ਮਾਰ ਸਕੇ। ਇਹ ਤੀਹ ਹਜ਼ਾਰ ਫੌਜ ਦਾ ਸਾਰੇ ਦਿਨ ਦਾ ਕਾਰਨਾਮਾ ਹੈ। ਭਾਵ, ਸੱਠਾਂ (੬੦) ਗਾਜ਼ੀਆਂ ਸਾਰਾ ਦਿਨ ਖਪ-ਖਪਾ ਕੇ ਪੂਰਾ ਦਿਲ ਲਾ ਕੇ ਸਿਰਫ ਇਕ 'ਕਾਫ਼ਰ' ਮਾਰਿਆ। ਇਹ ਗਾਜ਼ੀਆਂ ਦੀ ਕੀ ਬਹਾਦਰੀ ਗਿਣੀ ਜਾਏ ? ਇਹ ਹੈ ਸਿੱਟਾ ਉਸ ਅਜਿੱਤ ਫੌਜ ਦੇ ਸਾਰੇ ਦਿਨ ਦੀ ਮਿਹਨਤ ਤੇ ਜਾਨ ਹੂਲਣ ਦਾ, ਜਿਸ ਦੀਆਂ (ਝੂਠੀਆਂ) ਸਿਫਤਾਂ ਕਰਦੇ ਕਾਜ਼ੀ ਜੀ ਥਕਦੇ ਨਹੀਂ। ਹਾਂ ਜੇ ਕਿਤੇ ਕਾਜ਼ੀ ਜੀ, ਸਿਖਾਂ ਹਥੋਂ ਜੱਨਤ ਵਿਚ ਅੱਪੜ ਚੁਕੇ ਗਾਜ਼ੀਆਂ ਦੀ ਵੀ ਗਿਣਤੀ ਦੇ ਦੇਂਦੇ ਤਾਂ ਪੜ੍ਹਨ ਵਾਲਿਆਂ ਨੂੰ ਸੁਆਦ ਆ ਜਾਂਦਾ। ਇਹ ਪੰਜ ਸੌ ਵਾਲੀ ਗਿਣਤੀ ਵੀ ਐਵੇਂ ਮੂੰਹ-ਰੱਖਣੀ ਗੱਲ ਹੀ ਜਾਪਦੀ ਹੈ।

ਕਾਜ਼ੀ ਜੀ ਨੇ ਇਸ ਲੜਾਈ ਵਿਚ ਆਪਣੇ ਕੁਝ ਕੁ ਨਾਮੀ ਸੂਰਮੇ ਅਮੀਰਾਂ ਦੇ ਸ਼ਹੀਦ ਹੋਣ ਦਾ ਜ਼ਿਕਰ ਸਹਿਵਨ ਹੀ ਕਰ ਦਿਤਾ ਹੈ। ਇਸ ਪਖੋਂ ਵੀ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਜੇ ਇਹ ਨਾਮਵਰ ਸੂਰਮੇ ਖਾਲਸੇ ਹਥੋਂ ਜੱਨਤ ਵਿਚ ਜਾ ਅਪੜੇ ਤਾਂ ਸਧਾਰਨ ਗਾਜ਼ੀਆਂ ਦਾ ਕੀ ਸ਼ੁਮਾਰ ਹੋਵੇਗਾ, ਜੋ ਉਨ੍ਹਾਂ ਦੇ ਨਾਲ ਹੀ 'ਜੱਨਤ' ਨੂੰ ਤੋਰੇ ਗਏ।

ਜੰਗ ਦਾ ਨਜ਼ਾਰਾ ਕਾਬਲਿ ਦੀਦ ਹੈ। ਅਹਿਮਦਸ਼ਾਹ ਅਬਦਾਲੀ ਦੇ ਨਾਲ ਸੱਜੇ ਹੱਥ ਉਸ ਦੇ ਨਾਮਵਰ


www.AKJ.Org

ਸੂਰਮੇ ਸ਼ਾਹਵਲੀ ਖਾਂ, ਜਹਾਨ ਖਾਂ, ਸ਼ਾਹ ਪਸੰਦ ਖਾਂ, ਅੰਜਲਾ ਖਾਂ ਤੇ ਜ਼ਬਤ ਬਗੀ ਆਦਿ ਬੜੀ ਜ਼ਬਰਦਸਤ ਫੌਜ ਲੈ ਕੇ ਪੂਰੀ ਤਿਆਰੀ ਨਾਲ ਪੈਂਤੜੇ ਲਈ ਖਲੋਤੇ ਹਨ। ਇਹ ਮੁਹਿੰਮਾਂ ਵਿਚ ਹੰਢੇ ਹੋਏ ਸੂਰਮੇ ਹਨ। ਪਾਨੀਪੱਤ ਦੀ ਲੜਾਈ ਵਿਚ ਇਨ੍ਹਾਂ ਵਿਚੋਂ ਇਕ ਇਕ ਨੇ ਮਰਹੱਟਿਆਂ ਦੇ ਪੂਰਾਂ ਦੇ ਪੂਰ ਖਪਾ ਛੱਡੇ ਸਨ। ਮਰਹੱਟਿਆਂ ਦੀਆਂ ਸਫਾਂ ਵਿਚ ਇਨ੍ਹਾਂ ਇਸ ਤਰ੍ਹਾਂ ਭਗਦੜ ਮਚਾ ਦਿਤੀ ਸੀ ਜਿਵੇਂ ਇੱਜੜ ਵਿਚ ਬਘਿਆੜ ਆ ਵੜਨ। ਜਦ ਮਰਹੱਟਿਆਂ ਦੀ ਹੁਰਲ ਹੋ ਗਈ ਤੇ ਜਾਨ ਬਚਾਉਣ ਲਈ ਅੱਗੇ ਲੱਗ ਤੁਰੇ ਤਾਂ ਇਹ ਸਰਦਾਰ ਆਪਣਿਆਂ ਸਵਾਰਾਂ ਨੂੰ ਨਾਲ ਲੈ ਕੇ ਕੋਹਾਂ ਤਕ ਉਨ੍ਹਾਂ ਦੇ ਪਿਛੇ ਤੇਗਾਂ ਮਾਰਦੇ ਗਏ ਸਨ। ਸਰਦਾਰਾਂ ਤੇ ਗਾਜ਼ੀਆਂ ਦਾ ਜੋਸ਼ ਠਲ੍ਹਿਆ ਹੀ ਨਹੀਂ ਸੀ ਜਾ ਰਿਹਾ। ਪਰ ਅੱਜ ਦੀ ਲੜਾਈ ਵਿਚ ਇਹ ਸਾਰੇ ਹੀ ਰਲ ਕੇ ਸ: ਹਰੀ ਸਿੰਘ ਭੰਗੀ, ਜੋ ਖਾਲਸਾ ਦਲ ਦੇ ਖੱਬੇ ਪਾਸੇ ਸੀ ਤੇ ਇਨ੍ਹਾਂ ਦੇ ਮੁਕਾਬਲੇ ਤੇ ਸੀ, ਦੇ ਹੱਲੇ ਅੱਗੇ ਅੜ ਨਹੀਂ ਸਕੇ। ਸ: ਹਰੀ ਸਿੰਘ ਨੇ ਇਨ੍ਹਾਂ ਦੀਆਂ ਸਫਾਂ ਤੋੜ ਸੁਟੀਆਂ ਸਨ ਤੇ ਫੌਜ ਵਿਚ ਇਸ ਤਰ੍ਹਾਂ ਦੀ ਭਗਦੜ ਮਚਾ ਦਿੱਤੀ ਸੀ ਕਿ ਅਹਿਮਦਸ਼ਾਹ ਨੂੰ ਮਜਬੂਰ ਹੋ ਕੇ ਬਲੋਚਾਂ ਦੇ ਸਰਦਾਰ ਨੂੰ ਉਸਦੀ ਆਪਣੀ ਥਾਂ ਤੋਂ ਬੁਲਾ ਕੇ ਇਨ੍ਹਾਂ ਦੀ ਸਹਾਇਤਾ ਲਈ ਘਲਣਾ ਪਿਆ ਸੀ। ਨਸੀਰਖਾਨ ਦੇ ਆ ਜਾਣ ਨਾਲ ਵੀ ਕੋਈ ਖਾਸ ਫ਼ਰਕ ਨਹੀਂ ਪਿਆ। ਸਾਰਾ ਦਿਨ ਗਹਿ-ਗਚ ਲੜਾਈ ਹੁੰਦੀ ਰਹੀ। ਥਕਾਵਟ ਨੇ ਭਾਵੇਂ ਸਿੰਘਾਂ ਨੂੰ ਚੂਰ ਕਰ ਛਡਿਆ ਸੀ, ਪਰ ਉਹ ਵੀ ਅੱਜ ਇਕ ਤੋਂ ਇਕ ਕਰਨ ਤੇ ਹੀ ਤੁਲੇ ਹੋਏ ਸਨ। ਤੀਜੇ ਪਹਿਰ ਇਕ ਐਸਾ ਭਰਪੂਰ ਹੱਲਾ ਕੀਤਾ ਕਿ ਉਹ ਅਹਿਮਦਸ਼ਾਹ ਤੇ ਉਸ ਦੀ ਸੱਜੇ ਹੱਥ ਵਾਲੀ ਫੌਜ, ਜਿਸ ਦੀ ਕਮਾਨ ਉਪਰ ਦੱਸੇ ਨਾਮੀ ਸੂਰਮੇ ਕਰ ਰਹੇ ਸਨ, ਦੇ ਵਿਚਕਾਰ ਆਣ ਵੜੇ ਸਨ। ਇਨ੍ਹਾਂ ਦੀ ਸਹਾਇਤਾ ਲਈ ਨਸੀਰ ਖਾਨ ਵੀ ਆ ਚੁਕਿਆ ਸੀ। ਇਹ ਹੱਲਾ ਸ: ਹਰੀ ਸਿੰਘ ਭੰਗੀ ਦਾ ਸੀ, ਜੋ ਇਨ੍ਹਾਂ ਤਿੰਨਾਂ ਫੌਜਾਂ ਦੇ ਵਿਚਕਾਰ ਆਣ ਵੜਿਆ ਸੀ ਤੇ ਗਾਜ਼ੀਆਂ ਦੇ ਭਾ ਦੀ ਕਿਆਮਤ ਖੜੀ ਕਰ ਦਿਤੀ ਸੀ। ਫੋਕੀਆਂ ਫੜਾਂ ਮਾਰਨ ਵਾਲੇ ਅਹਿਮਦਸ਼ਾਹ ਵਿਚ ਜੇ ਰਤੀ ਮਾਸਾ ਵੀ ਦਮ ਹੁੰਦਾ ਤਾਂ ਉਹ ਆਪਣੇ ਲਸ਼ਕਰ ਵਿਚਕਾਰ ਆ ਵੜੇ ਸ: ਹਰੀ ਸਿੰਘ ਭੰਗੀ ਤੇ ਉਸ ਦੇ ਸੂਰਮਿਆਂ ਨੂੰ ਕੋਹਲੂ ਵਿਚ ਤਿਲਾਂ ਵਾਂਗ ਪੀੜ ਸੁਟਦਾ। ਪਰ ਅਹਿਮਦ ਸ਼ਾਹ ਤੇ ਉਸਦਿਆਂ ਸੂਰਮਿਆਂ ਤੋਂ ਸਰੀ ਕੱਖ ਵੀ ਨਹੀਂ।

ਨੂਰ ਮੁਹੰਮਦ ਆਪਣੇ ਬਿਆਨ ਵਿਚ ਦਸਦਾ ਹੈ ਕਿ ਇਹ ਲੜਾਈ ਸੂਰਜ ਡੁਬਣ ਤੋਂ ਪਿਛੋਂ "ਇਸ਼ਾ" ਦੀ ਨਿਮਾਜ਼ ਤਕ, ਭਾਵ, ਕਾਫ਼ੀ ਅਨ੍ਹੇਰਾ ਹੋਏ ਤਕ ਪੂਰੇ ਜ਼ੋਰ ਨਾਲ ਤੇ ਘਮਸਾਨ ਦੀ ਹੁੰਦੀ ਰਹੀ। ਅਹਿਮਦ ਸ਼ਾਹ ਸਾਰਾ ਦਿਨ ਘੋੜੇ ਦੀ ਪਿਠ ਤੇ ਰਿਹਾ ਤੇ ਥਾਂ ਥਾਂ ਅੱਪੜ ਕੇ ਆਪਣੇ ਸਰਦਾਰਾਂ ਦਾ ਹੌਸਲਾ ਵਧਾਉਂਦਾ ਰਿਹਾ ਤੇ ਸੈਨਾ ਨੂੰ ਹਲਾ-ਸ਼ੇਰੀ ਦੇਂਦਾ ਰਿਹਾ। ਨਾਲ ਨਾਲ ਉਹ ਸਖ਼ਤ ਤਾਕੀਦ ਵੀ ਕਰਦਾ ਰਿਹਾ ਕਿ ਆਪਣਾ ਪੈਂਤੜਾ ਨਹੀਂ ਛਡਣਾ, ਅਗਾਂਹ ਵਧ ਕੇ ਸਿਖਾਂ ਦੇ ਗਲ ਨਹੀਂ ਪੈਣਾ, ਆਪਣੀ ਮੋਰਚਾ-ਬੰਦੀ ਚੋਂ ਕਦਮ ਵੀ ਬਾਹਰ ਨਹੀਂ ਰੱਖਣਾ। ਵੈਰੀ ਆਪ ਤੁਹਾਡੇ ਪਾਸ ਆਵੇਗਾ। ਤੁਸਾਂ ਵਾਰ ਸਿਰਫ ਓਦੋਂ ਕਰਨਾ ਹੈ ਜਦ ਵੈਰੀ ਤੁਹਾਡੀ ਮਾਰ ਹੇਠ ਆ ਜਾਵੇ। ਇਸ ਤੋਂ ਸਾਫ ਜ਼ਾਹਿਰ ਹੋ ਰਿਹਾ ਹੈ ਕਿ ਅਹਿਮਦ ਸ਼ਾਹ ਅਗੇ ਵਧ ਕੇ ਦੁਸ਼ਮਣ ਦੇ ਗਲ ਨਹੀਂ ਪੈ ਰਿਹਾ, ਸਗੋਂ ਆਪਣਾ ਬਚਾ ਹੀ ਕਰੀ ਜਾ ਰਿਹਾ ਹੈ। ਦੂਜੇ ਪਾਸੇ ਖਾਲਸਾ ਜੀ ਅਗੇ ਵਧ ਵਧ ਕੇ ਦੁਸ਼ਮਣ ਦੇ ਗਲ ਪੈ ਰਹੇ ਹਨ ਤੇ ਹੱਲੇ ਤੇ ਹੱਲਾ ਕਰ ਰਹੇ ਹਨ।

ਕਿਧਰ ਗਈਆਂ ਉਹ ਫੜਾਂ ਕਿ ਸਿਖ ਕਿਧਰੇ ਨਜ਼ਰ ਹੀ ਨਹੀਂ ਆਉਂਦੇ ? ਕਿਤੇ ਲਭ ਪੈਣ ਤੇ ਤੁਖ਼ਮ ਉਡਾ ਦਈਏ। ਇਨ੍ਹਾਂ ਦੀ ਜੜ ਮੇਖ ਹੀ ਪੁਟ ਦੇਣੀ ਹੈ ਤੇ ਇਨ੍ਹਾਂ ਦਾ ਬੁਢੀ-ਮੁੰਡਾ ਬੰਨ੍ਹ ਕੇ ਲੈ ਜਾਣਾ ਹੈ। ਅੱਜ ਮੈਂ ਆਪਣੀ ਤੇਗ ਨਾਲ ਦੋ ਸੌ ਕਾਫ਼ਰ ਦਾ ਸਿਰ ਵਢਣਾ ਹੈ। ਆਸਮਾਨ ਭੁੰਜੇ ਸੁਟ ਦੇਣਾ ਹੈ, ਜ਼ਮੀਨ ਕੰਬਾ ਦੇਣੀ ਹੈ, ਆਦਿ। ਅਹਿਮਦ ਸ਼ਾਹ ਨੂੰ ਚਿਰ ਕਾਲ ਤੋਂ ਬੜਾ ਵੱਡਾ ਅਰਮਾਨ ਸੀ ਕਿ ਸਿੰਘ ਕਿਤੇ ਟਕਰਨ ਤੇ ਪਰ੍ਹਾ ਬੰਨ੍ਹ ਕੇ ਲੜਨ ਤਾਂ ਦੁਨੀਆ ਇਕ ਤਮਾਸ਼ਾ ਵੇਖ ਲਵੇ। ਪਰ ਜਦ ਸਿੰਘਾਂ ਟੱਕਰ ਕੇ ਉਸ ਦਾ ਅਰਮਾਨ ਪੂਰਾ ਕਰ ਦਿਤਾ ਤੇ ਮੱਥੇ ਜੋੜ ਲਏ ਤਾਂ ਉਹ ਆਪਣੀ ਮੋਰਚਾ-ਬੰਦੀ ਵਿਚੋਂ ਬਾਹਰ ਨਿਕਲਣ ਦਾ ਨਾਂ ਨਹੀਂ



www.AKJ.Org

ਲੈਂਦਾ। ਸਿੰਘਾਂ ਨੂੰ ਵੀ ਘਲੂਘਾਰੇ ਦਾ ਪੂਰੀ ਤਰ੍ਹਾਂ ਗੱਚ ਸੀ ਤੇ 1762 ਈ: ਦੀ ਦੀਵਾਲੀ ਵੇਲੇ ਦਾ ਦਬੱਲਿਆ ਅਹਿਮਦਸ਼ਾਹ ਸਵਾ ਕੁ ਦੋ ਸਾਲਾਂ ਪਿਛੋਂ ਮਸਾਂ ਮਸਾਂ ਸਿੰਘਾਂ ਦੇ ਚੱਬ ਵਿਚ ਆਇਆ ਸੀ। ਸਿੰਘ ਵੀ ਅੱਜ ਆਪਣੇ ਅਰਮਾਨ ਪੂਰੇ ਕਰਨੇ ਚਾਹੁੰਦੇ ਹਨ। ਉਹ ਬਿਫਰੇ ਸ਼ੇਰਾਂ ਵਾਂਗ ਹਰ ਪਾਸਿਓਂ ਦਹਾੜਦੇ ਹੋਏ ਤੁਰਕਾਨੀ ਫੌਜ ਉਤੇ ਆ ਆ ਪੈਂਦੇ ਹਨ। ਸਾਰਾ ਦਿਨ ਤੇ ਫਿਰ ਸੂਰਜ ਡੁਬੇ ਤੋਂ ਪਿਛੋਂ ਅਨ੍ਹੇਰਾ ਹੋਏ ਤੱਕ ਘਮਸਾਨ ਮਚਾਈ ਰਖਦੇ ਹਨ। ਉਸ ਦੇ ਚੋਣਵੇਂ ਸਰਦਾਰਾਂ ਦੀ ਕਮਾਨ ਹੇਠਲੇ ਸੱਜੇ ਪਾਸੇ ਦੀ ਸਫ਼ਬੰਦੀ ਨੂੰ ਵੀ ਭੰਨ ਤੋੜ ਸੁਟਦੇ ਹਨ। ਗੁਰੂ ਚੱਕ ਜਾ ਕੇ ਕਾਫ਼ਰਾਂ ਨੂੰ ਮਾਰਨ ਦਾ ਚਾਅ ਰਖਣ ਵਾਲੇ ਤੀਹ ਹਜ਼ਾਰ ਗਾਜ਼ੀਆਂ ਦੀ ਸੈਨਾ ਸਾਰੇ ਦਿਨ ਦੀ ਲੜਾਈ ਵਿਚ ਮਸਾਂ ਪੰਜ ਕੁ ਸੌ ਸਿੰਘਾਂ ਨੂੰ ਹੀ ਸ਼ਹੀਦ ਕਰ ਸਕੀ ਹੈ।

ਇਸ ਨੂੰ ਕਾਜ਼ੀ ਜੀ ਗਾਜ਼ੀਆਂ ਦੀ ਬੜੀ ਵੱਡੀ ਜਿੱਤ ਦਸਦੇ ਹਨ। ਪਰ ਸਾਧਾਰਨ ਤੋਂ ਸਾਧਾਰਨ ਬੰਦਾ ਵੀ ਇਸ ਨੂੰ ਜਿੱਤ ਨਹੀਂ ਕਹਿ ਸਕਦਾ। ਜੇ ਇਸ ਨੂੰ ਜਿੱਤ ਕਿਹਾ ਜਾ ਸਕਦਾ ਹੈ ਤਾਂ ਫਿਰ ਇਹ ਨਿਰੋਲ ਸਿੰਘਾਂ ਦੀ ਜਿੱਤ ਹੈ, ਜਿਨ੍ਹਾਂ ਨੇ ਸਾਰਾ ਦਿਨ ਐਡੇ ਵੱਡੇ ਬਹਾਦਰ ਤੇ ਅਜਿੱਤ ਪਾਤਸ਼ਾਹ ਦਾ ਐਸਾ ਨੱਕ ਵਿਚ ਦਮ ਕੀਤਾ ਕਿ ਉਸ ਨੂੰ ਤੇ ਉਸ ਦੀ ਗਾਜ਼ੀਆਂ ਦੀ ਸੈਨਾ ਨੂੰ ਦਿਨੇ ਤਾਰੇ ਦਿਸਣ ਲੱਗ ਪਏ।

## ਕਾਜ਼ੀ ਨੂਰ ਮੁਹੰਮਦ ਉਤੇ ਡੂੰਘੇ ਅਸਰ–

ਬਲੋਚਾਂ ਦੇ ਸਰਦਾਰ ਨਸੀਰ ਖਾਂ ਤੇ ਅਹਿਮਦਸ਼ਾਹ ਨੂੰ ਖੁਸ਼ ਕਰਨ ਲਈ ਈਮਾਨ ਤੇ ਸੱਚ ਨੂੰ ਹਥੋਂ ਛੱਡ ਕੇ, ਆਪਣੇ ਗਉਂ-ਗਰਜ਼ ਨੂੰ ਮੁਖ ਰਖਦਾ ਹੋਇਆ ਤੇ ਤੁਅਸਬ ਵਿਚ ਸੜਦਾ ਭੁਜਦਾ ਸਿੰਘਾਂ ਨੂੰ ਬੜੇ ਮੰਦੇ ਬੋਲ ਬੋਲਦਾ ਹੈ। ਪਰ ਅਜ ਦੇ ਦਿਨ ਦੀ ਲੜਾਈ ਨੇ ਤੁਰਕਾਨੀ ਸੈਨਾ ਦੀ ਸਿੰਘਾਂ ਦੇ ਸਾਹਮਣੇ ਲਾਚਾਰੀ ਤੇ ਬੇਬਸੀ ਨੇ ਉਸ ਦੇ ਮਨ ਤੇ ਡਾਢਾ ਅਸਰ ਕੀਤਾ ਜਾਪਦਾ ਹੈ। ਉਸ ਨੇ ਬਲੋਚਾਂ ਤੇ ਦੁਰਾਨੀਆਂ ਦੇ ਗੁਣ ਤਾਂ ਗਾਉਣੇ ਹੀ ਸਨ, ਕਿਉਂਕਿ ਨਸੀਰ ਖਾਨ ਬਲੋਚ ਸਰਦਾਰ ਨਾਲ ਇਸ ਮੁਹਿੰਮ ਤੇ ਉਹਨਾਂ ਦੀ ਬਹਾਦਰੀ ਦੇ ਸੋਹਲੇ ਹੀ ਲਿਖਣ ਆਇਆ ਸੀ। ਦੁਰਾਨੀਆਂ ਤੇ ਬਲੋਚਾਂ ਦੀ ਬੇਬਸੀ ਤੇ ਉਹ ਲਖ ਲਖ ਪੜਦੇ ਪਾਉਂਦਾ ਹੈ, ਪਰ ਸਿੰਘਾਂ ਦੀ ਬਹਾਦਰੀ, ਦਲੇਰੀ ਤੇ ਕੌਮ ਲਈ ਕੁਰਬਾਨੀ ਦੇ ਜਜ਼ਬੇ ਨੂੰ ਵੇਖ ਕੇ ਅਸ਼ ਅਸ਼ ਕਰ ਉਠਿਆ ਹੈ। ਨਾਲੇ ਸਚ ਉਤੇ ਪੜਦਾ ਪੈ ਨਹੀਂ ਸਕਦਾ। ਸਿੰਘਾਂ ਦੀ ਮਰਦਾਨਗੀ ਨੇ ਉਸ ਦੇ ਦਿਲ ਤੇ ਜੋ ਬੜਾ ਗਹਿਰਾ ਤੇ ਅਮਿਟ ਅਸਰ ਕੀਤਾ ਹੈ, ਉਸ ਤੋਂ ਲਾਚਾਰ ਹੋ ਕੇ ਉਹਨਾਂ ਦੀ ਸਿਫ਼ਤ ਤੇ ਵਡਿਆਈ ਵਿਚ ਪੂਰੇ ੫੨ ਬੰਦਾਂ ਦਾ ਇਕ ਅਧਿਆਇ ਲਿਖਿਆ ਹੈ ਤੇ ਉਸਦਾ ਸਿਰਲੇਖ ਵੀ ਰਖਿਆ ਹੈ 'ਦਰ ਬਿਆਨਿ ਮਰਦਾਨਗੀ-ਏ ਸਗਾਂ ਵਕਤਿ ਜੰਗਿ ਦੀਨ ਵਾ ਮਰਦਾਨਗੀ-ਏ ਊ ਸ਼ਾਂ ਗੋਇਦ'। ਇਹ ਅਧਿਆਇ ਨੰਬਰ ੪੧ ਹੈ, ਸਫ਼ਾ ੧੫੬ ਤੋਂ ੧੫੯ ਤਕ। ਇਸ ਤੋਂ ਅਗਲਾ ੪੨ਵਾਂ ਅਧਿਆਇ ਸਫਾ ੧੬੦ ਤੋਂ ੧੬੧ ਤਕ ਚਲਦਾ ਹੈ। ਇਸ ਵਿਚ ਉਹ ਉਹਨਾਂ ਉਹਨਾਂ ਇਲਾਕਿਆਂ ਦਾ ਜ਼ਿਕਰ ਕਰਦਾ ਹੈ ਜਿਥੇ ਜਿਥੇ ਉਸ ਵੇਲੇ ਸਿੰਘਾਂ ਸਰਦਾਰਾਂ ਨੇ ਆਪਣੇ ਕਬਜ਼ੇ ਕੀਤੇ ਹੋਏ ਸਨ।

ਸਿੰਘਾਂ ਨੂੰ ਗੰਦੀਆਂ ਤੋਂ ਗੰਦੀਆਂ ਗਾਲ੍ਹਾਂ ਤੇ ਮੰਦੇ ਤੋਂ ਮੰਦੇ ਬੋਲ ਬੋਲਣ ਵਾਲਾ ਕਟੜ ਵੈਰੀ ਜੇ ਉਨ੍ਹਾਂ ਦੀ ਸਿਫਤ ਤੇ ਉਸਤਤ ਕਰੇ ਤਾਂ ਇਤਿਹਾਸਕ ਪੱਖੋਂ ਇਸ ਦਾ ਬੜਾ ਮੁਲ ਹੈ। ਸਿੰਘਾਂ ਦੇ ਉਚੇ ਸੁੱਚੇ ਆਚਰਨ ਤੇ ਉਨ੍ਹਾਂ ਦੀ ਸੂਰਮਗਤੀ ਦਾ ਅਕੱਟ ਸਬੂਤ ਹੈ। ਇਸ ਦੇ ਇਸ ਪੱਖ ਨੇ 'ਜੰਗ ਨਾਮੇ' ਨੂੰ ਗਾਲ੍ਹੀਆਂ ਤੇ ਬਦ-ਤਮੀਜ਼ੀ ਦਾ ਪਲੰਦਾ ਹੁੰਦਿਆਂ ਹੋਇਆਂ ਵੀ ਪੰਜਾਬ ਦੇ ਇਤਿਹਾਸ ਦਾ ਵਡ-ਮੁੱਲਾ ਸੋਮਾ ਬਣਾ ਦਿਤਾ ਹੈ। ਇਸ ਤੋਂ ਪਹਿਲਾਂ ਸਿਖਾਂ ਤੇ ਪੰਜਾਬ ਬਾਰੇ ਕਿਸੇ ਨੇ ਇਹੋ ਜਿਹੇ ਹਾਲ ਨਹੀਂ ਸਨ ਦਸੇ। –ਸਵਰਨ ਸਿੰਘ

**"ਧਰਮ ਯੁਧ ਸਮੇਂ ਸਿਖਾਂ ਦੀ ਮਰਦਾਨਗੀ"** ਦੇ ਬਿਆਨ ਵਿਚ ਕਹਿੰਦਾ ਹੈ :–

(ਅਧਿਆਇ ੪੧, ਸਫਾ ੧੫੬ ਤੋਂ ੧੫੯)



www.AKJ.Org

ਕਾਜ਼ੀਜੀ ਲਿਖਦੇ ਹਨ :–

੧. ਸਗਾਂ (ਕੁੱਤਿਆਂ) ਨੂੰ ਸਗ (ਕੁੱਤੇ) ਨਾ ਕਹਿ, ਕਿਉਂਕਿ ਇਹ ਸ਼ੇਰ ਹਨ ਤੇ ਸੂਰਮਗਤੀ ਦੇ ਮੈਦਾਨ ਵਿਚ ਸ਼ੇਰਾਂ ਵਾਂਗ ਦਲੇਰ ਹਨ।

੨. ਭਲਾ ਰਣ ਦਾ ਉਹ ਸੂਰਮਾ ਜੋ ਲੜਾਈ ਸਮੇਂ ਸ਼ੇਰਾਂ ਵਾਂਗ ਬੁੱਕੇ, ਸੱਗ (ਕੁੱਤਾ) ਕਿਵੇਂ ਹੋ ਸਕਦਾ ਹੈ ?

੩. ਜੇਕਰ ਤੈਨੂੰ (ਤੈਨੂੰ ਤੋਂ ਭਾਵ ਇਹ ਹੈ ਕਿ ਕਾਜ਼ੀ ਅਫ਼ਗਾਨ ਤੇ ਬਲੋਚ ਨੌਜਵਾਨ ਨੂੰ ਸੰਬੋਧਨ ਕਰ ਰਿਹਾ ਹੈ) ਲੜਾਈ ਦਾ ਹੁਨਰ ਸਿਖਣ ਦੀ ਤਮੱਨਾ ਹੈ ਤਾਂ ਆ ਰਣ-ਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ।

੪. ਉਹ ਤੈਨੂੰ ਜੰਗ ਦੇ ਐਸੇ ਐਸੇ ਢੰਗ ਸਿਖਾਉਣਗੇ ਕਿ ਸਾਰੇ ਵਾਹ ਵਾਹ ਪਏ ਕਰਨਗੇ।

੫-੬. ਹੇ ਤਲਵਾਰੀਏ ! ਜੇਕਰ ਤੈਨੂੰ ਜੰਗ ਦਾ ਹੁਨਰ ਸਿਖਣ ਦੀ ਚਾਹ ਹੈ ਤਾਂ ਇਨ੍ਹਾਂ ਪਾਸੋਂ ਸਿਖ ਕਿ ਕਿਵੇਂ ਮਰਦਾਂ ਵਾਂਗ ਵੈਰੀ ਦੇ ਸਾਹਮਣੇ ਹੋਣਾ ਚਾਹੀਦਾ ਹੈ ਤੇ ਫਿਰ ਕਿਵੇਂ ਲੜਾਈ ਵਿਚੋਂ ਆਪਣੇ ਆਪ ਨੂੰ ਸਾਫ ਬਚਾਂ ਲਿਜਾਣਾ ਚਾਹੀਦਾ ਹੈ।

੭. "ਸਿੰਘ" ਇਨ੍ਹਾਂ ਦਾ ਲਕਬ ਹੈ, ਤੂੰ ਇਹ ਸਮਝ ਲੈ। ਇਹ ਨਿਆਉਂ ਦੀ ਗੱਲ ਨਹੀਂ ਕਿ ਇਸ (ਸ਼ਬਦ "ਸਿੰਘ") ਨੂੰ ਸੱਗ (ਅਰਥਾਤ ਕੁੱਤਾ) ਪੜ੍ਹਿਆ ਜਾਵੇ।

੮-੯. ਐ ਜਵਾਨ ! ਜੇ ਤੈਨੂੰ ਹਿੰਦ ਦੀ ਬੋਲੀ ਨਹੀਂ ਆਉਂਦੀ ਤਾਂ ਸੁਣ ਕਿ ਹਿੰਦੁਸਤਾਨੀ ਵਿਚ ਸਿੰਘ ਦੇ ਅਰਥ ਸ਼ੇਰ ਹਨ। ਅਤੇ ਲੜਾਈ ਦੇ ਸਮੇਂ ਤਾਂ ਇਹ ਸੱਚ ਮੁੱਚ ਹੀ ਸ਼ੇਰ ਹੁੰਦੇ ਹਨ ਤੇ ਮੌਜ-ਮੇਲੇ ਦੇ ਸਮੇਂ ਤਾਂ ਹਾਤਮ ਤੋਂ ਵੀ ਵਧ ਚੜ੍ਹ ਕੇ ਹੁੰਦੇ ਹਨ।

੧੦. ਜਦ ਇਹ ਹੱਥ ਵਿਚ ਹਿੰਦੁਸਤਾਨੀ ਤਲਵਾਰ ਫੜ ਲੈਂਦੇ ਹਨ ਤਾਂ ਹਿੰਦ ਤੋਂ ਸਿੰਧ ਦੇਸ ਤੀਕ ਮਾਰੋ-ਮਾਰ ਕਰਦੇ ਚਲੇ ਜਾਂਦੇ ਹਨ।

੧੧. ਕੋਈ ਆਦਮੀ ਇਨ੍ਹਾਂ ਦੇ ਸਾਹਮਣੇ ਅੜ ਨਹੀਂ ਸਕਦਾ, ਭਾਵੇਂ ਉਹ ਕਿਡਾ ਵੀ ਬਲਵਾਨ ਕਿਉਂ ਨਾ ਹੋਵੇ।

੧੨. ਜਦ ਇਹ ਹੱਥ ਵਿਚ ਨੇਜ਼ਾ ਫੜ ਲੈਂਦੇ ਹਨ ਤਾਂ ਵੈਰੀ ਦੀ ਸੈਨਾ ਵਿਚ ਭਗਦੜ ਮਚਾਂ ਦਿੰਦੇ ਹਨ।

੧੩. ਜਦ ਉਹ ਨੇਜ਼ੇ ਦੀ ਅਣੀ ਆਸਮਾਨ ਵੱਲ ਨੂੰ ਚੁਕਦੇ ਹਨ ਤਾਂ ਜੇ ਅੱਗੇ ਕੋਹ-ਕਾਫ਼ ਪਹਾੜ ਵੀ ਹੋਵੇ ਤਾਂ ਉਸ ਨੂੰ ਵੀ ਚੀਰ ਪਾੜ ਸੁਟਦੇ ਹਨ।

੧੪-੧੫. ਜਦ ਇਹ ਕਮਾਨ ਦਾ ਚਿੱਲਾ ਚੜ੍ਹਾਉਂਦੇ ਹਨ ਤੇ ਉਸ ਵਿਚ ਵੈਰੀ ਦੀ ਜਾਨ ਲੈਣ ਵਾਲਾ ਤੀਰ ਰਖਦੇ ਹਨ ਤੇ ਫਿਰ ਚਿਲੇ ਨੂੰ ਖਿੱਚ ਕੇ ਕੰਨ ਤੀਕ ਲੈ ਜਾਂਦੇ ਹਨ ਤਾਂ ਵੈਰੀ ਦਾ ਸਰੀਰ ਡਰ ਨਾਲ ਥਰ ਥਰ ਕੰਬਣ ਲਗ ਪੈਂਦਾ ਹੈ।

੧੬. ਜਦ ਇਨ੍ਹਾਂ ਦਾ ਜੰਗੀ ਕੁਹਾੜਾ ਵੈਰੀ ਦੇ ਚਿਲਤੇ ਉਤੇ ਪੈਂਦਾ ਹੈ ਤਾਂ ਵੈਰੀ ਦੇ ਸਰੀਰ ਦਾ ਚਿਲਤਾ ਉਸ ਦਾ ਖਫ਼ਣ ਬਣ ਜਾਂਦਾ ਹੈ।

੧੭. ਸਰੀਰ ਕਰਕੇ ਤਾਂ ਹਰ ਇਕ ਇਉਂ ਜਾਪਦਾ ਹੈ ਜੀਕੂੰ ਕਿਸੇ ਪਹਾੜ ਦਾ ਇਕ ਟੁਕੜਾ ਹੈ ਤੇ ਸ਼ਾਨੋ-ਸ਼ੌਕਤ (ਡੀਲ ਡੌਲ) ਵਿਚ ਇਕ ਜਣਾ ਪੰਜਾਹ ਪੰਜਾਹ ਆਦਮੀਆਂ ਤੋਂ ਵੀ ਵਧੀਕ ਹੈ।

੧੮-੧੯. ਸੁਣਿਆ ਹੈ ਕਿ ਬਹਿਰਾਮ ਗੋਰ ਗੋਰਾਂ (ਜੰਗਲੀ ਗਧੇ) ਨੂੰ ਮਾਰ ਲੈਂਦਾ ਸੀ ਤੇ ਸ਼ੇਰਾਂ ਦੀਆਂ ਡਾਡਾਂ ਤੇ ਚੀਕਾਂ ਕਢ ਦੇਂਦਾ ਸੀ, ਪਰ ਜੇ ਕਿਤੇ ਉਹ ਬਹਿਰਾਮ ਗੋਰ ਵੀ ਇਨ੍ਹਾਂ ਦੇ ਸਾਹਮਣੇ ਆ ਜਾਵੇ ਤਾਂ ਉਹ ਵੀ ਇਨ੍ਹਾਂ ਅਗੇ ਸਿਰ ਨੀਵਾਂ ਕਰ ਦੇਵੇ। (ਭਾਵ ਇਨ੍ਹਾਂ ਵਿਚੋਂ ਹਰ ਕੋਈ ਬਹਿਰਾਮ ਗੋਰ ਤੋਂ ਕਿਤੇ ਵਧੀਕ ਹੈ)।

੨੦-੨੧-੨੨. ਇਹ ਹਥਿਆਰ ਛਡ ਕੇ ਲੜਾਈ ਸਮੇਂ ਜਦ ਬੰਦੂਕ ਹੱਥ ਵਿਚ ਫੜ ਲੈਂਦੇ ਹਨ ਤਾਂ ਸ਼ੇਰਾਂ



www.AKJ.Org

ਵਾਂਗ ਬੁਕਦ ਨਾਹਰੇ ਮਾਰਦੇ ਹੋਏ, ਛਾਲਾਂ ਮਾਰਦੇ ਰਣ-ਭੂਮੀ ਵਿਚ ਨਿਤਰਦੇ ਹਨ; ਤੇ ਆਉਂਦੇ ਹੀ ਕਈਆਂ ਦੇ ਸੀਨੇ ਪਾੜ ਘਤਦੇ ਹਨ ਤੇ ਅਨੇਕਾਂ ਦਾ ਖ਼ੂਨ ਮਿੱਟੀ ਵਿਚ ਮਿਲਾ ਦੇਂਦੇ ਹਨ।

੨੩. ਤੂੰ ਇਉਂ ਸਮਝ ਕਿ ਇਹ ਬੰਦੂਕ ਕਿਸੇ ਪਿਛਲੇ ਜ਼ਮਾਨੇ ਵਿਚ ਇਹਨਾਂ ਨੇ ਹੀ ਬਣਾਈ ਹੋਵੇਗੀ, ਇਹ ਲੁਕਮਾਨ ਹਕੀਮ ਨੇ ਨਹੀਂ ਬਣਾਈ ਹੋਣੀ।

੨੪. ਬੰਦੂਕਚੀ ਤਾਂ ਭਾਵੇਂ ਹੋਰ ਵੀ ਬਥੇਰੇ ਬਣੇ ਫਿਰਦੇ ਹਨ, ਪਰ ਇਸ ਦੇ (ਵਰਤਣ ਦੇ) ਹੁਨਰ ਨੂੰ ਇਨ੍ਹਾਂ ਨਾਲੋਂ ਵਧ ਕੇ ਹੋਰ ਕੋਈ ਨਹੀਂ ਜਾਣਦਾ।

੨੫. ਇਹ ਅੱਗੇ ਪਿਛੇ ਸੱਜੇ ਖੱਬੇ ਲਗਾਤਾਰ ਸੈਂਕੜੇ ਗੋਲੀਆਂ ਦਾਗੀ ਜਾਂਦੇ ਹਨ।

੨੬. ਜੇਕਰ ਤੈਨੂੰ ਮੇਰੇ ਕਹੇ ਤੇ ਨਿਸਚਾ ਨਹੀਂ ਆਉਂਦਾ ਤਾਂ ਤੇਗਾਂ ਵਾਹੁਣ ਵਾਲਿਆਂ ਸੂਰਮਿਆਂ ਨੂੰ ਪੁਛ ਵੇਖ।

੨੭. ਉਹ ਮੇਰੇ ਇਸ ਕਹੇ ਤੋਂ ਵੀ ਵਧ-ਵਧ ਕੇ ਦਸਣਗੇ ਤੇ ਉਨ੍ਹਾਂ ਦੇ ਯੁਧ ਦੇ ਢੰਗ ਨੂੰ ਆਫ਼ਰੀਨ ਕਹਿ ਕੇ ਸਲਾਹੁਣਗੇ।

੨੮. (ਮੇਰੀ) ਇਸ ਗੱਲ ਦੇ ਗਵਾਹ ਉਹ ਤੀਹ ਹਜ਼ਾਰ ਸੂਰਮੇ ਹਨ ਜੋ ਰਣ-ਭੂਮੀ ਵਿਚ ਇਨ੍ਹਾਂ ਨਾਲ ਲੋਹਾ ਲੈ ਚੁਕੇ ਹਨ।

੨੯. ਜੇਕਰ ਲੜਾਈ ਸਮੇਂ ਇਨ੍ਹਾਂ ਦੀ ਸੈਨਾ ਵਿਚ ਭਾਂਜ ਪੈ ਜਾਵੇ ਤਾਂ ਵੀ ਐ ਨੌਜਵਾਨ! ਇਸ ਨੂੰ ਇਨ੍ਹਾਂ ਦੀ ਭਾਂਜ ਨਾ ਸਮਝ।

੩੦-੩੧-੩੨. ਕਿਉਂਕਿ ਇਹ ਵੀ ਇਨ੍ਹਾਂ ਦਾ ਲੜਾਈ ਦਾ ਇਕ ਦਾਉ ਹੈ। ਵੇਖੀਂ, ਇਨ੍ਹਾਂ ਦੀ ਇਸ ਫਾਹੀ ਤੋਂ ਬਚੀਂ, ਦੁਬਾਰਾ ਬਚੀਂ! ਇਨ੍ਹਾਂ ਦਾ ਇਹ ਢੰਗ ਇਸ ਲਈ ਕੀਤਾ ਜਾਂਦਾ ਹੈ ਕਿ ਵੈਰੀ ਤਕੜਾ ਹੋ ਕੇ ਤੇ ਕਰੋਧ ਵਿਚ ਆ ਕੇ ਇਨ੍ਹਾਂ ਦੇ ਮਗਰ ਦੌੜ ਪੈਂਦਾ ਹੈ ਤੇ ਆਪਣੇ ਲਸ਼ਕਰ ਤੋਂ ਕਟ ਜਾਂਦਾ ਹੈ ਤੇ ਲਸ਼ਕਰ ਦੀ ਸਹਾਇਤਾ ਤੋਂ ਦੂਰ ਚਲਿਆ ਜਾਂਦਾ ਹੈ।

੩੩. ਤਦ ਇਹ ਪਿਛੇ ਵਲ ਨੂੰ ਮੂੰਹ ਕਰ ਕੇ ਮੁੜ ਪੈਂਦੇ ਹਨ ਅਤੇ ਜੇ ਪਾਣੀ ਵੀ ਹੋਵੇ ਤਾਂ ਉਸ ਵਿਚ ਵੀ ਅੱਗ ਲਾ ਦੇਂਦੇ ਹਨ।

---

# ਮਹਾਰਾਜ ਜੀ ਦੇ ਸੁਖਾਸਨ ਵਾਲੇ ਰੁਮਾਲਿਆਂ ਬਾਰੇ ਜੋਦੜੀਆਂ

ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥ (ਪੰਨਾ ੫੨)

ਭਾਈ ਜੀਵਨ ਸਿੰਘ ਜੀ ਹਜ਼ੂਰੀ ਰਾਗੀ ਸੰਗਤਾਂ ਦੀ ਸੇਵਾ ਵਿਚ ਜੋਦੜੀਆਂ ਕਰਦੇ ਹਨ ਕਿ ਆਮ ਦੇਖਣ ਵਿਚ ਆਉਂਦਾ ਹੈ ਕਿ ਪਿੰਡਾਂ ਤੇ ਹੋਰ ਕਈ ਥਾਵਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਾਸਨ ਵਾਲੇ ਰੁਮਾਲੇ ਬਦਲਣ ਵਲ ਪੂਰਾ ਧਿਆਨ ਨਹੀਂ ਦਿਤਾ ਜਾਂਦਾ। ਸੱਚੇ ਪਾਤਸ਼ਾਹ ਦੇ ਇਹ ਬਸਤਰ ਨਿਤ ਨਵੇਂ ਸਾਫ਼-ਸੁਥਰੇ ਧੋ-ਸਵਾਰ ਕੇ ਰਖਣੇ ਜ਼ਰੂਰੀ ਹਨ। ਸੰਗਤਾਂ ਇਸ ਵਲ ਪੂਰਾ ਧਿਆਨ ਦੇਣ।

ਭਾਈ ਸਾਹਿਬ ਬੇਨਤੀ ਕਰਦੇ ਹਨ ਕਿ ਅੰਮ੍ਰਿਤ-ਸਿੰਚਾਰ, ਕੀਰਤਨ ਦੀ ਸੇਵਾ ਅਤੇ ਗੁਰਬਾਣੀ-ਕੀਰਤਨ ਦੀਆਂ ਟੇਪਾਂ ਆਦਿ ਦੀ ਸੇਵਾ ਉਨ੍ਹਾਂ ਨੂੰ ਬਖਸ਼ੀ ਜਾਵੇ, ਉਹ ਤਨ, ਮਨ, ਧਨ ਕਰ ਕੇ ਸੰਗਤਾਂ ਦੀ ਸੇਵਾ ਲਈ ਹਾਜ਼ਰ ਹਨ। ਦਾਸਰਾ—ਜੀਵਨ ਸਿੰਘ ਰਾਗੀ, ਨੰਬਰ 1—ਨੀਊ ਮਾਡਲ ਟਾਊਨ, ਲੁਧਿਆਣਾ (ਫੋਨ 30908)

---

# ਲੁਧਿਆਣਾ ਸਮਾਗਮ ਤੇ ਗੁਆਚੀ ਮਾਇਆ

ਪੋਹ ਸੁਦੀ ਸਪਤਮੀ ਗੁਰਪੁਰਬ ਸਮਾਗਮ ਲੁਧਿਆਣਾ ਵਿਖੇ ਸੂਰਾ ਸਟਾਲ ਅਗੇ ਕਿਸੇ ਵੀਰ ਭੈਣ ਦੀ ਕੁਝ ਮਾਇਆ ਡਿਗੀ ਮਿਲੀ ਹੈ। ਵੇਰਵਾ ਲਿਖ ਕੇ ਸਾਥੋਂ ਪ੍ਰਾਪਤ ਕਰੋ ਜੀ। ਜਲੰਧਰ ਸਮਾਗਮ ਤੇ ਜੋ ਗੁੱਟ-ਘੜੀ ਮਿਲੀ ਸੀ, ਉਹ ਅਹਿਮਦਾਬਾਦ ਦੇ ਇਕ ਸਿੰਘ ਪਰਵਾਰ ਨੂੰ ਨਿਸ਼ਾਨੀਆਂ ਦਸਣ ਤੇ ਭੇਜ ਦਿਤੀ ਗਈ ਹੈ।

ਦਾਸਰਾ—ਮੈਨੇਜਰ, ਸੂਰਾ

www.AKJ.Org

# ਜਿਉ ਜਾਨਹੁ ਤਿਉ ਰਾਖੁ

[ਵਲੋਂ :—ਭਾਈ ਮਨਮੋਹਨ ਸਿੰਘ ਜੀ ਬਲ, ਪਿੰਡ ਬੈਸ, ਨਵਾਂ ਸ਼ਹਿਰ]

ਐ ਪ੍ਰੀਤਮ ! ਪਾਤਸ਼ਾਹਾਂ ਦੇ ਪਾਤਸ਼ਾਹ ! ਤ੍ਰਿਲੋਕੀ ਦੇ ਨਾਥ ! ਸਰਬੰਸ ਦਾਨੀ ! ਸ਼ਾਹਿ-ਸ਼ਾਹਨਸ਼ਾਹ ਕਲਗੀਧਰ ਜੀਉ,

ਐਸੀ ਕਿਰਪਾ ਮੋਹਿ ਕਰਹੁ ॥
ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ ॥੧॥ (੮੨੮)

ਪ੍ਰੀਤਮ ਜੀ, ਤੁਸੀਂ ਬਚਨ ਦਿਤਾ, "ਜੇ ਤੂੰ ਮੇਰੇ ਜੋਗਾ ਤਾਂ ਮੈਂ ਭੀ ਤੇਰਾ ਜੋਗਾ।" ਸਾਰੀ ਰਾਤ ਵੇਸਵਾ ਦੇ ਦਰ ਤੇ ਖਲੋ ਕੇ ਪਹਿਰਾ ਦੇਣਾ ਪਿਆ, ਆਪਣੇ ਜੋਗੇ ਨੂੰ ਬੱਜਰ ਕੁਰਹਿਤ ਤੋਂ ਬਚਾ ਲਿਆ।

ਅਸੀਂ ਭੀ ਆਪ ਦੇ ਸਿਖ ਅਖਵਾਂਦੇ ਹਾਂ। ਸਾਡੀਆਂ ਬੇਅੰਤ ਗਲਤੀਆਂ ਹਨ, ਆਪਣੇ ਬਿਰਦ-ਬਾਣੇ ਦੀ ਲਾਜ ਰਖੋ ਜੀ। ਹਮਰੇ ਦੋਖ ਨਾ ਚਿਤਾਰੋ ਜੀ ! ਤੁਸੀਂ ਪਿਤਾ ਹੋ ਨਾ ਜੀ। ਪਿਤਾ ਬੱਚਿਆਂ ਦੀਆਂ ਗਲਤੀਆਂ ਨਹੀਂ ਚਿਤਾਰਦਾ। ਪਿਤਾ ਜੀਉ—

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥ (੬੨੪-੨੫)

ਪੰਥ ਦੇ ਵਾਲੀ ਪਿਆਰੇ ਪਿਤਾ ਜੀ,

ਇਸ ਵੇਲੇ ਆਪ ਜੀ ਦੀ ਜ਼ਾਹਰਾ ਤੌਰ ਤੇ ਸਹਾਇਤਾ ਦੀ ਸਖ਼ਤ ਲੋੜ ਹੈ। ਅੱਜ ਤੇਰੇ ਪੰਥ ਦੇ ਆਗੂਆਂ ਦੇ ਰਾਹ ਵਖ ਵਖ ਹੁੰਦੇ ਜਾ ਰਹੇ ਹਨ। ਸਭ ਚੌਧਰਾਂ ਲਈ ਅੱਡੀਆਂ ਤਕ ਜ਼ੋਰ ਲਗਾ ਰਹੇ ਹਨ। ਗੁਰਦਵਾਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਜੀ ਦੇ ਹਜ਼ੂਰ ਨਾਮ ਬਾਣੀ ਦੀ ਥਾਂ ਸਿਆਸਤਾਂ ਦੀਆਂ ਕਥਾ ਹੋ ਰਹੀਆਂ ਹਨ। ਜਿਨ੍ਹਾਂ ਤਖ਼ਤ ਸਾਹਿਬਾਨ ਦਾ ਭੈ ਸਾਡੇ ਮਨਾਂ ਅੰਦਰ ਹੁੰਦਾ ਸੀ ਅਤੇ ਜਿਥੋਂ ਸਾਨੂੰ ਜੀਵਨ-ਸੇਧ ਮਿਲਦੀ ਸੀ, ਅੱਜ ਉਨ੍ਹਾਂ ਪਵਿਤਰ ਅਸਥਾਨਾਂ ਤੇ ਧਰਮੋਂ ਸਖਣੀ ਸਿਆਸਤ ਦੇ ਅਖਾੜੇ ਜੁੜਦੇ ਹਨ। ਅਜ ਅਸੀਂ ਦੂਜੀਆਂ ਕੌਮਾਂ ਵਿਚ ਹਾਸੋ-ਹੀਣੇ ਹੋ ਰਹੇ ਹਾਂ।

ਤੇਰਾ ਪੰਥ ਅੱਜ ਨਿਆਰੇਪਣ ਦੀ ਥਾਂ ਮਿਲਗੋਭਾ ਹੋ ਰਿਹਾ ਹੈ। ਸਿਆਸਤ ਵਿਚ ਲੱਥ-ਪੱਥ ਹੋਏ ਸਾਡੇ ਆਗੂ ਆਪਣੇ ਸਿੱਖੀ ਨਿਸ਼ਾਨੇ ਤੋਂ ਉਖੜੇ ਪਏ ਹਨ। ਆਪ ਜੀ ਨੇ ਤਾਂ ਕਿਹਾ ਸੀ—

ਜਗ ਲਗ ਖਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਓ ਮੈ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈ ਨ ਕਰੋ ਇਨ ਕੀ ਪ੍ਰਤੀਤ ॥

ਅੱਜ ਅਸੀਂ ਨਿਆਰੇਪਣ ਦੀ ਵਿਲੱਖਣਤਾ ਗੁਆ ਰਹੇ ਹਾਂ। ਨਿਆਰੇਪਣ ਤੋਂ ਬਿਨਾਂ ਤਾਂ ਤੇਰੀ ਸ਼ਕਤੀ ਹੀ ਪਰਵੇਸ਼ ਨਹੀਂ ਕਰ ਸਕਦੀ। ਅਜ ਅਸੀਂ 'ਬਿਪਰਨ ਕੀ ਰੀਤ' ਵਿਖੇ ਆਪਣੀ ਸ਼ਕਤੀ ਨਸ਼ਟ ਕਰ ਰਹੇ ਹਾਂ ਅਤੇ ਆਪਣਾ ਤੇਜ ਗੁਆ ਰਹੇ ਹਾਂ।

ਤੇਰੇ ਖਾਲਸ 'ਖਾਲਸੇ' ਵਿਚ ਕਿਸੇ ਸਰਕਾਰ ਦੀ ਸ਼ਕਤੀ ਕੰਮ ਨਹੀਂ ਕਰ ਸਕਦੀ ਅਤੇ ਨਾ ਹੀ ਇਹ ਕਿਸੇ ਦੇ ਅਧੀਨ ਹੈ—

ਖਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥

ਖਾਲਸਪੁਣੇ ਤੋਂ ਥਿੜਕੇ ਹੋਏ ਤੇਰੇ ਸਦਵਾਣ ਵਾਲੇ ਖਾਲਸੇ ਅੱਜ ਗੁਰਸਿਖੀ ਦੇ ਉਚੇ ਸੁਚੇ ਆਦਰਸ਼ ਤੋਂ ਖੁੰਝੇ ਪਏ ਹਨ। ਪੰਥ ਦੇ ਨਾਂ ਤੇ ਆਪਸੀ ਲੜਾਈ ਹੋ ਰਹੀ ਹੈ। ਇਹ ਲੜਾਈ ਪਹਿਲਾਂ ਵੀ ਕਈ ਵਾਰ ਹੁੰਦੀ ਰਹੀ, ਪਰ ਅਸੂਲ ਦੀ। ਹੁਣ ਤਾਂ ਕਿਸੇ ਅਸੂਲ ਦੀ ਲੜਾਈ ਨਹੀਂ ਰਹੀ, ਸਗੋਂ ਕੇਵਲ ਕੁਰਸੀਆਂ, ਚੌਧਰਾਂ ਤੇ ਜਥੇਦਾਰੀਆਂ ਦੀ ਲੜਾਈ ਹੀ ਬਣ ਗਈ ਹੈ। ਕਿਥੇ ਗਏ ਨਵਾਬ ਕਪੂਰ ਸਿੰਘ ? ਪੰਥ ਨਵਾਬੀ ਦੇਣੀ ਲੋਚਦਾ ਹੈ



www.AKJ.Org

ਤਾਂ ਉਸ ਦੀਆਂ ਧਾਹੀਂ ਨਿਕਲ ਜਾਂਦੀਆਂ ਹਨ। ਪੁਛਣ ਤੇ ਕਹਿੰਦਾ ਹੈ, ਸਿੰਘਾਂ ਦੇ ਘੋੜਿਆਂ ਦੀ ਲਿੱਦ ਚੁਕਣ ਦੀ ਸੇਵਾ ਵਿਚ ਜੋ ਅਨੰਦ ਹੈ ਉਹ ਨਵਾਬੀ ਵਿਚ ਨਹੀਂ ਹੋ ਸਕਦਾ। ਲਿੱਦ ਚੁਕਣ ਦੀ ਸੇਵਾ ਤੋਂ ਵਿਰਵਾ ਨਾ ਕਰੋ। ਤਾਂ ਹੁਕਮ ਹੋਇਆ ਕਿ ਇਹ ਸੇਵਾ ਨਹੀਂ ਖੋਹੀ ਜਾਵੇਗੀ। ਪਰ ਅੱਜ ਕ੍ਰੀ ਹੋ ਰਿਹਾ ਹੈ, ਸੇਵਾ ਦੀ ਥਾਂ ਅਸਲੇ ਦੇ ਜ਼ੋਰ ਨਵਾਬੀਆਂ ਪ੍ਰਾਪਤ ਕਰਨ ਦੇ ਜਤਨ ਹਨ।

ਪਰ–ਪਿਆਰੇ ਪ੍ਰੀਤਮ ਜੀ,

ਸਾਡਾ ਤਾਂ ਜ਼ੋਰ ਤੇਰੇ ਤੇ ਹੈ। ਤੈਂ ਕਿਹਾ ਸੀ ਕਿ ਹਰ ਔਕੜ ਵੇਲੇ ਅਰਦਾਸ ਕਰੋ, ਤਾਂ ਤੁਸੀਂ ਆਪ ਬਹੁੜੀ ਕਰੋਗੇ। ਸੋ ਹੁਣ ਅਸੀਂ ਦੋ ਕਰ ਜੋੜ ਆਪ ਦੇ ਚਰਨਾਂ ਵਿਚ ਜੋਦੜੀ ਕਰਦੇ ਹਾਂ–ਪਿਤਾ ਜੀਉ, ਆਪਣੇ ਪੰਥ ਦੀ ਲਾਜ ਰਖੋ। ਪੰਥ ਤੇਰਾ ਹੈ, ਤੂੰ ਪੰਥ ਦਾ ਹੈਂ। ਅੱਜ ਕਈ ਪੰਥ ਬਣੇ ਫਿਰਦੇ ਹਨ, ਪਰ ਸਦਵਾਂਦੇ ਤੇਰੇ ਹੀ ਹਨ। ਤੂੰ ਆਪ ਹੀ ਲਾਜ ਰਖ। ਸੁਮੱਤ ਬਖ਼ਸ਼, ਸਭ ਨੂੰ ਇਕ ਕਰ, ਸਭ ਦਾ ਮੇਲ ਕਰਾ ਦਿਓ।

ਪ੍ਰਭ ਜੂ ਤੋ ਕਹ ਲਾਜ ਹਮਾਰੀ ॥

ਹੇ 'ਨੇਰ ਹੂੰ ਤੇ ਨੇਰਿਆ'! ਤੂੰ ਸਭ ਕੁਝ ਦੇਖ ਰਿਹਾ ਹਾਂ। ਇਸ ਦੁਰਦਸ਼ਾ ਵਿਚੋਂ ਕਢੋ। ਆਪਣੇ ਪੰਥ ਦੀ ਸੰਭਾਲ ਕਰੋ ਜੀ।

ਹੇ ਮੇਰੇ ਸਾਹਿਬ! ਮੈਂ ਆਜਿਜ਼ ਹੋ ਕੇ ਆਪ ਦੇ ਚਰਨਾਂ ਵਿਚ ਇਹ ਬਿਨੈ-ਬੇਨਤੀ ਕਰਦਾ ਹਾਂ ਜੀ। ਪ੍ਰੀਤਮ ਜੀ, ਇਹ ਸਭ ਤੇਰਾ ਕੌਤਕ ਹੈ, ਸਭ ਕੁਝ ਤੇਰੇ ਹੁਕਮ ਵਿਚ ਹੈ। ਦਾਸ ਨੂੰ ਬਲ ਬਖਸ਼ੋ ਕਿ–

ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥
ਮਸਤਕੁ ਅਪਨਾ ਭੇਟ ਦੇਉ, ਗੁਨ ਸੁਨਉ ਰਸਾਲ ॥੧॥ (੮੧੦)

ਮੈਂ ਦਾਸ ਤਾਂ ਕੁਝ ਵੀ ਨਹੀਂ ਹੈ–ਨਾਉ ਮੁਰੀਦ ਨ ਸਬਦ ਵੀਚਾਰਾ ॥

ਪਰ ਫਿਰ ਭੀ ਮੁੜ ਮੁੜ ਇਹੋ ਅਰਦਾਸ ਹੈ ਕਿ ਆਪਣਿਆਂ ਨੂੰ ਸੰਭਾਲੋ ਜੀ, ਸੋਝੀ ਬਖਸ਼ੋ ਜੀ, ਗੁਰਮਤਿ ਤੇ ਤੋਰੋ ਜੀ, ਇਸ ਮਨਮਤਿ ਤੋਂ ਬਚਾਓ। ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥ (੭੦੪)

---

# ਸ਼੍ਰੋਮਣੀ ਕਮੇਟੀ ਦੇ ਧਿਆਨ ਜੋਗ

ਲੋਕਲ ਗੁਰਦਵਾਰਾ ਕਮੇਟੀ ਛਿਹਰਟਾ ਸਾਹਿਬ ਵਲੋਂ ੧੯੮੧ ਦਾ ਕਲੰਡਰ ਛਾਪਿਆ ਹੋਇਆ ਦੇਖਿਆ ਗਿਆ ਹੈ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵੱਡਾ ਚਿਤਰ ਦਿਤਾ ਗਿਆ ਹੈ। ਇਸ ਦੇ ਨਾਲ ਹੀ ਸਤਿਗੁਰਾਂ ਦਾ ਇਕ ਛੋਟਾ ਚਿਤਰ ਦਿਤਾ ਗਿਆ ਹੈ, ਜਿਸ ਵਿਚ ਉਹ ਹੱਥ ਜੋੜ ਕੇ ਸਮਾਧੀ-ਅਸਥਿਤ ਅਰਾਧਨਾ ਵਿਚ ਦਿਖਾਏ ਗਏ ਹਨ ਤੇ ਉਹਨਾਂ ਦੇ ਸਾਹਮਣੇ ਕਾਲਕਾ ਦੇਵੀ ਦਾ ਚਿਤਰ ਛਾਪਿਆ ਹੋਇਆ ਹੈ, ਜਿਸ ਵਿਚ ਦੇਵੀ ਨੇ ਕਾਲੀ ਜੀਭ ਬਾਹਰ ਕਢੀ ਹੋਈ ਹੈ। ਚਿਤਰ ਦੇ ਥਲੇ ਇਹ ਤੁਕ ਦਿਤੀ ਹੋਈ ਹੈ–

'ਮਹਾ ਕਾਲ ਕਾਲਕਾ ਆਧੀ'

ਸਤਿਗੁਰਾਂ ਦੀ ਬਾਣੀ ਦਾ ਅਧਿਐਨ ਕਰਨ ਵਾਲੇ ਸਾਰਿਆਂ ਨੂੰ ਭਲੀ ਪ੍ਰਕਾਰ ਵਿਦਤ ਹੈ ਕਿ 'ਮਹਾ ਕਾਲ ਕਾਲਕਾ' ਦਾ ਭਾਵ 'ਕਾਲੀ' ਦੇ ਨਹੀਂ, ਬਲਕਿ ਮਹਾਂ ਕਾਲ ਦੀ ਪ੍ਰਚੰਡ ਸ਼ਕਤੀ ਤੋਂ ਹੈ, ਜਿਵੇਂ 'ਭਗਵਤੀ' ਤੋਂ ਭਾਵ ਭਗਵੰਤ (ਵਾਹਿਗੁਰੂ) ਦੀ ਸ਼ਕਤੀ ਤੋਂ ਹੈ। ਦੇਵੀ ਦੇਵਤਿਆਂ ਦੀ ਪੂਜਾ ਦਾ ਦਸਮੇਸ਼ ਪਾਤਸ਼ਾਹ ਦੀ ਬਾਣੀ ਵਿਚੋਂ ਬਹੁਤ ਵੱਡਾ ਵਿਰੋਧ ਮਿਲਦਾ ਹੈ। ਇਸ ਸੰਬੰਧ ਵਿਚ ਪ੍ਰੋ: ਸਾਹਿਬ ਸਿੰਘ ਜੀ ਦਾ ਸਵਿਸਥਾਰ ਲੇਖ ਇਸੇ ਪਰਚੇ ਵਿਚ ਦਿਤਾ ਗਿਆ ਹੈ।

ਸੋ ਇਤਿਹਾਸਕ ਗੁਰਦਵਾਰੇ ਦੀ ਲੋਕਲ ਕਮੇਟੀ ਵਲੋਂ ਉਪ੍ਰੋਕਤ ਕਿਸਮ ਦਾ ਕਲੰਡਰ ਛਾਪੇ ਜਾਣਾ "ਕਾਬੇ ਵਿਚ ਕੁਫਰ" ਵਾਲੀ ਗੱਲ ਹੈ। ਇਹ ਕਲੰਡਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸਾਹਿਬ ਨੂੰ ਦੇ ਦਿਤਾ ਗਿਆ ਹੈ। ਸੋ ਇਹ ਮਾਮਲਾ ਸੁਟ ਪਾਣ ਵਾਲਾ ਨਹੀਂ, ਸੰਬੰਧਤ ਲੋਕਲ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕਰਤਿਆਂ ਧਰਤਿਆਂ ਵਿਰੁਧ ਤੁਰਤ, ਯੋਗ ਕਾਰਵਾਈ ਕੀਤੀ ਜਾਣੀ ਜ਼ਰੂਰੀ ਹੈ।


www.AKJ.Org

# ਨਾਮ-ਬਾਣੀ ਦੁਆਰਾ ਇਲਾਜ–ਸੱਦਾ ਪੱਤਰ

"ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥" (ਅਨੰਦੁ)

**ਸ੍ਰੀ ਗੁਰੂ ਰਾਮਦਾਸ ਹਸਪਤਾਲ ਰਿਸਰਚ ਅਤੇ ਮੈਡੀਕਲ ਇੰਸਟੀਚਿਊਟ ਸ੍ਰੀ ਅੰਮ੍ਰਿਤਸਰ।**

ਮਿਤੀ ੨੮ ਜਨਵਰੀ, ੧੯੮੧

ਗੁਰਬਾਣੀ ਦੇ ਰਸੀਏ, ਪਰਮ ਸਨਮਾਨ ਯੋਗ ਵੀਰਨ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਵਿਸ਼ਵ ਸੰਸਾਰ ਨੂੰ ਵਿਦਤ ਹੈ ਕਿ ਜਗਤ ਗੁਰੂ, ਸਤਿਗੁਰੂ ਨਾਨਕ ਦੇਵ ਜੀ ਨੇ ਆਪਣਾ ਆਪਾ ਪਰਮ-ਆਪੇ ਵਿਚ ਹਲੂਲ ਕਰ ਕੇ ਅਕਾਲ ਪੁਰਖ ਨਾਲ ਇਕਮਿਕਤਾ ਪ੍ਰਾਪਤ ਕੀਤੀ। ਇਸ ਆਤਮਿਕ-ਸੰਜੋਗ ਦੇ ਤੁਫੈਲ ਗੁਰੂ ਬਾਬੇ ਅੰਦਰ ਰੱਬੀ ਸਿਫ਼ਤ ਸਲਾਹ ਦਾ ਚਸ਼ਮਾ ਫੁੱਟ ਉਠਿਆ। ਸਤਿਗੁਰਾਂ ਨੇ ਇਸ ਨੂੰ ਰੱਬੀ ਬਾਣੀ, ਖਸਮ ਕੀ ਬਾਣੀ, ਧੁਰ ਕੀ ਬਾਣੀ ਆਦਿ ਸਰ-ਨਾਵਾਂ ਦੁਆਰਾ ਵਰਨਣ ਕੀਤਾ। ਗੁਰਬਾਣੀ ਗੁਰੂ-ਆਪੇ ਅਤੇ ਰੱਬੀ-ਆਪੇ ਦੇ ਆਤਮਿਕ ਸੰਜੋਗ ਦੀ ਅਮਰ-ਗਾਥਾ ਹੈ।

ਗੁਰਬਾਣੀ ਪਾਰਸ ਕਲਾ ਸਪੰਨ ਸਰਬੋਤਮ-ਗਿਆਨ ਹੈ। ਇਹ ਅਮੋਲਕ ਰਤਨਾਂ ਤੇ ਹੀਰਿਆਂ ਦੀ ਖਾਣ ਹੈ ਤੇ ਅੰਮ੍ਰਿਤ ਦਾ ਸਰੋਵਰ ਹੈ। ਇਤਿਹਾਸ ਤੇ ਪਰੰਧਰਾ ਗਵਾਹ ਹਨ ਕਿ ਪ੍ਰੇਮ ਨਾਲ ਇਕਾਗਰ-ਚਿਤ ਹੋ ਕੇ ਗੁਰਬਾਣੀ ਪੜ੍ਹਨ ਨਾਲ ਮਨ ਨਿਰਮਲ ਹੁੰਦਾ ਹੈ, ਅਥਵਾ ਮਨ ਨੂੰ ਸਦੀਵੀ ਸੁਖ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ, ਲੋਕ ਪ੍ਰਲੋਕ ਸੁਹੇਲੇ ਤੇ ਸਫਲੇ ਹੁੰਦੇ ਹਨ। ਇਹ ਕੁਝ ਪ੍ਰਾਪਤ ਕਰਨਾ ਹਰੇਕ ਮਨੁਖ ਦੀ ਬੁਨਿਆਦੀ ਲੋਚਾ ਹੈ। ਸਦੀਆਂ ਤੋਂ ਗੁਰਬਾਣੀ ਦੇ ਸਰਧਾਲੂ ਗੁਰਸਿਖ ਗੁਰਬਾਣੀ ਦੁਆਰਾ ਇਕ ਪਾਸੇ ਮੁਕਤੀ ਤੇ ਭੁਗਤੀ ਦੀ ਦਾਤਿ ਪ੍ਰਾਪਤ ਕਰਦੇ ਆ ਰਹੇ ਹਨ ਤੇ ਦੂਜੇ ਪਾਸੇ ਆਧਿ, ਬਿਆਧਿ, ਉਪਾਧਿ ਸਾਰੇ ਰੋਗਾਂ ਤੋਂ ਛੁਟਕਾਰਾ ਪ੍ਰਾਪਤ ਕਰ ਕੇ ਸੁਖੀ ਜੀਵਨ ਬਤੀਤ ਕਰ ਰਹੇ ਹਨ।

ਪੂਰਬਲੇ ਕਰਮਾਂ ਅਧੀਨ ਜਾਂ ਇਸ ਜੀਵਨ ਦੀ ਕਿਰਿਆ ਅਧੀਨ ਮਨੁੱਖ ਨੂੰ ਦੁਖ ਰੋਗ ਕਈ ਰੂਪਾਂ ਵਿਚ ਵਿਆਪਦੇ ਹਨ। ਰੋਗਾਂ ਦੀ ਨਵਿਰਤੀ ਲਈ ਮਨੁੱਖ ਦਵਾਈਆਂ ਦਾ ਸਹਾਰਾ ਲੈਂਦਾ ਹੈ। ਮੈਡੀਕਲ ਖੇਤਰ ਵਿਚ ਮੈਡੀਕਲ ਸਾਇੰਸ ਨੇ ਚਕ੍ਰਿਤ ਕਰ ਦੇਣ ਵਾਲੀ ਤਰੱਕੀ ਕੀਤੀ ਹੈ। ਪਰ ਇਹ ਇਕ ਸੱਚਾਈ ਹੈ ਕਿ ਏਨਾ ਕੁਝ ਹੁੰਦਿਆਂ ਫਿਰ ਵੀ ਮਨੁੱਖ ਰੋਗੀ ਤੇ ਦੁਖੀ ਹੈ।

**ਗੁਰਬਾਣੀ ਨੇ ਰੋਗ-ਨਵਿਰਤੀ ਲਈ ਮਨੁਖ ਨੂੰ ਰੱਬੀ ਸੰਦੇਸ਼ ਦਿਤਾ :–**

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥

ਇਸ ਅਗੰਮੀ ਨਾਦ ਤੋਂ ਪ੍ਰਭਾਵਤ ਹੋ ਕੇ ਇਕ ਪਾਸੇ ਖੂਨ ਦੇ ਵਧੇਰੇ ਦਬਾਉ (High Blood-Pressure) ਦੇ ਰੋਗੀਆਂ ਦਾ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੁਆਰਾ ਇਲਾਜ ਦਾ ਤਜਰਬਾ ਅਰੰਭਿਆ ਗਿਆ, ਦੂਜੇ ਪਾਸੇ ਜੋੜਾਂ ਦੀਆਂ ਦਰਦਾਂ ਦੇ ਰੋਗੀਆਂ ਦਾ ਦੁਖ-ਭੰਜਨੀ ਸਾਹਿਬ ਦੇ ਇਸ਼ਨਾਨ ਦੁਆਰਾ ਇਲਾਜ ਸ਼ੁਰੂ ਕੀਤਾ ਗਿਆ। ਐਕਸਰੇ ਅਤੇ ਲੈਬਾਰੇਟਰੀ ਦੇ ਟੈਸਟਾਂ ਦੁਆਰਾ ਰੋਗੀਆਂ ਦੇ ਸਰੀਰ ਵਿਚ ਹੋਏ ਪ੍ਰੀਵਰਤਣ ਦੇ ਨਤੀਜੇ ਰਿਕਾਰਡ ਕੀਤੇ ਗਏ ਅਤੇ ਦੋਹਾਂ ਪ੍ਰਾਜੈਕਟਾਂ ਵਿਚ ਉਤਸ਼ਾਹ-ਜਨਕ ਸਫਲਤਾ ਮਿਲੀ। ਇਨ੍ਹਾਂ ਪ੍ਰਾਜੈਕਟਾਂ ਤੇ ਕੰਮ ਕਰਨ ਵਾਲੇ ਨੌਜਵਾਨ ਡਾਕਟਰਾਂ ਨੂੰ ਯੂਨੀਵਰਸਿਟੀ ਵਲੋਂ ਐਮ. ਡੀ. ਦੀਆਂ ਡਿਗਰੀਆਂ ਦਿੱਤੀਆਂ ਗਈਆਂ।

ਨਾਮ-ਬਾਣੀ ਦੁਆਰਾ ਰੋਗੀਆਂ ਦੇ ਇਲਾਜ ਵਿਚ ਹੋਈ ਸਫਲਤਾ ਤੋਂ ਪ੍ਰਭਾਵਤ ਹੋਏ ਗੁਰਬਾਣੀ ਦੇ ਆਸ਼ਕ ਗੁਰਸਿਖਾਂ ਵਲੋਂ ਇਹ ਭਰਪੂਰ ਪ੍ਰੇਰਨਾ ਹੋਈ ਹੈ ਕਿ ਇਸ ਖੋਜ ਨੂੰ ਅੱਗੇ ਚਲਾਇਆ ਜਾਵੇ, ਜਿਸ ਨਾਲ



www.AKJ.Org

ਗੁਰਬਾਣੀ ਦੀ ਮਹਿਮਾ ਸੰਸਾਰ ਵਿਚ ਫੈਲੇ ਅਤੇ ਰੋਗੀ ਅਤੇ ਦੁਖੀ ਲੁਕਾਈ ਨੂੰ ਸੁਖ ਅਰਾਮ ਮਿਲੇ।

ਇਸੇ ਹੀ ਸੰਬੰਧ ਵਿਚ ਸ੍ਰੀ ਗੁਰੂ ਰਾਮਦਾਸ ਰਿਸਰਚ ਅਤੇ ਮੈਡੀਕਲ ਇੰਸਟੀਚਿਊਟ ਦੇ ਸੁਖਮਨੀ ਸਾਹਿਬ ਵਿਭਾਗ ਵਲੋਂ ਮਿਤੀ ੨੮-੨-੯੧ ਅਤੇ ੧-੩-੯੧ ਸ਼ਨੀਵਾਰ ਤੇ ਐਤਵਾਰ ਨੂੰ ਹੇਠ ਲਿਖਿਆ ਪ੍ਰੋਗਰਾਮ ਉਲੀਕਿਆ ਗਿਆ ਹੈ :-

| | | |
|---|---|---|
| ੨੮-੨-੯੧ ਸ਼ਾਮ ੬-੩੦ ਤੋਂ ੧੦-੩੦ | **ਗੁਰਬਾਣੀ** | ਵਿਸ਼ਾ–ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ॥ |
| ਦੀਵਾਨ-ਅਸਥਾਨ ਮੰਜੀ ਸਾਹਿਬ ਵਿਖੇ | **ਕੀਰਤਨ** | ਕਲਿ ਕਲੇਸ ਤਨ ਮਾਹਿ ਮਿਟਾਵਉ ॥ |
| ੧-੩-੯੧ ਸਵੇਰ ੯-੦੦ ਤੋਂ ੧੧-੩੦ | **ਸੈਮੀਨਾਰ** | ਵਿਸ਼ਾ– |
| ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਖੇ | **ਭਾਸ਼ਨ** | ਦੂਖ ਰੋਗ ਬਿਨਸੇ ਭੈ ਭਰਮ ॥ |

ਇਸ ਸਮਾਗਮ ਸੰਬੰਧੀ ਸੂਚਨਾ ਦੇਂਦਿਆਂ ਹੋਇਆਂ ਆਪ ਜੀ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ:-

੧. ਮਨੁੱਖੀ ਕਲਿਆਣ ਦੇ ਇਸ ਸ਼ੁਭ ਕਾਰਜ ਵਿਚ ਤਨ ਮਨ ਧਨ ਕਰ ਕੇ ਸਹਿਯੋਗ ਬਖਸ਼ੋ ਜੀ।

੨. ਇਸ ਸਮਾਗਮ ਉਤੇ ਦਰਸ਼ਨ ਦੇ ਕੇ ਕਾਰਜ ਦੀ ਸਫਲਤਾ ਲਈ ਕੀਤੀ ਜਾਣ ਵਾਲੀ ਅਰਦਾਸ ਵਿਚ ਸ਼ਾਮਲ ਹੋਵੋ ਜੀ।

੩. ਕਾਰਜ ਦੀ ਸਫਲਤਾ ਲਈ ਸ਼ੁਭ ਵਿਚਾਰਾਂ ਤੇ ਸੁਝਾਵਾਂ ਦੁਆਰਾ ਪ੍ਰਬੰਧਕਾਂ ਨੂੰ ਕ੍ਰਿਤਾਰਥ ਕਰੋ ਜੀ।

੪. ਕਾਰਜ ਦੀ ਸਫਲਤਾ ਅਤੇ ਪ੍ਰਫੁਲਤਾ ਲਈ ਆਪਣੇ ਨਿਤਨੇਮ ਤੋਂ ਇਲਾਵਾ ਵਧ ਤੋਂ ਵਧ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਨ ਦੀ ਕਿਰਪਾਲਤਾ ਕਰੋ ਜੀ ਅਤੇ ਕੀਤੇ ਪਾਠਾਂ ਬਾਰੇ ਸੂਚਨਾ ੨੫-੨-੯੧ ਤਕ ਭੇਜਣ ਦੀ ਕਿਰਪਾਲਤਾ ਕਰੋ ਜੀ ਤਾਂ ਜੁ ੨੮-੨-੯੧ ਨੂੰ ਇਨ੍ਹਾਂ ਦੀ ਸਮੁੱਚੀ ਅਰਦਾਸ ਕੀਤੀ ਜਾ ਸਕੇ।

ਪ੍ਰਾਰਥਕ–(ਡਾ: ਹਰਚਰਨ ਸਿੰਘ) ਡਾਇਰੈਕਟਰ,
ਸ੍ਰੀ ਗੁਰੂ ਰਾਮਦਾਸ ਹਸਪਤਾਲ ਰਿਸਰਚ ਅਤੇ ਮੈਡੀਕਲ ਇੰਸਟੀਚਿਊਟ, ਸ੍ਰੀ ਅੰਮ੍ਰਿਤਸਰ।

---

# ਅਖੰਡ ਕੀਰਤਨੀ ਜਥਾ ਦਿੱਲੀ ਦੀ ਭਾਰਤ ਵਰਸ਼ ਦੀ ਯਾਤਰਾ

ਸੱਚੇ ਪਾਤਸ਼ਾਹ ਦੇ ਬਖਸ਼ੇ ਉਦਮ ਅਨੁਸਾਰ ਅਖੰਡ ਕੀਰਤਨੀ ਜਥਾ ਦਿੱਲੀ ਦੇ ਸਿੰਘ ਬੀਬੀਆਂ ਮਾਰਚ ੯੧ ਦੇ ਮਹੀਨੇ ਵਿਚ ਭਾਰਤ ਵਰਸ਼ ਦੀ ਯਾਤਰਾ ਦਾ ਪ੍ਰੋਗਰਾਮ ਬਣਾ ਰਹੇ ਹਨ। ਯਾਤਰਾ ਤਕਰੀਬਨ ੨੦-੨੫ ਦਿਨਾਂ ਦੀ ਹੋਵੇਗੀ ਤੇ ਇਸ ਪ੍ਰੋਗਰਾਮ ਵਿਚ ਅਹਿਮਦਾਬਾਦ, ਬੰਬਈ, ਹਜ਼ੂਰ ਸਾਹਿਬ, ਨਾਨਕ ਝੀਰਾ, ਮਦਰਾਸ, ਬੈਂਗਲੋਰ, ਕਨਿਆ ਕੁਮਾਰੀ, ਮੈਸੂਰ, ਪੁਰੀ, ਕਲਕੱਤਾ, ਪਟਨਾ ਸਾਹਿਬ ਤੇ ਬਨਾਰਸ ਸ਼ਾਮਲ ਕੀਤੇ ਜਾਣ ਦਾ ਯਤਨ ਹੋਵੇਗਾ। ਜਿਥੇ ਜਿਥੇ ਅਖੰਡ ਕੀਰਤਨੀ ਜਥੇ ਦੇ ਸਿੰਘ ਹਨ ਉਨ੍ਹਾਂ ਅਸਥਾਨਾਂ ਤੇ ਦੋ ਤਿੰਨ ਦਿਨਾਂ ਦਾ ਬਿਸਰਾਮ ਰਖ ਕੇ ਕੀਰਤਨ ਦੀ ਸੇਵਾ ਭੀ ਹੋ ਸਕੇਗੀ। ਯਾਤਰਾ ਬਾਰੇ ਪੂਰੀ ਸੂਚਨਾ ੮ ਫਰਵਰੀ ੯੧ ਤੋਂ ਬਾਅਦ ਹੇਠ ਲਿਖੇ ਪਤੇ ਤੋਂ ਮਿਲ ਸਕੇਗੀ–

ਦਾਸ--ਮੇਹਰ ਸਿੰਘ, ਬੀ-੨/੮ ਪੇਸ਼ਵਾ ਰੋਡ, ਨਵੀਂ ਦਿੱਲੀ (ਫੋਨ : ੩੪੫੪੧੬)

---

# ਕੁਰਾਲੀ (ਰੋਪੜ) ਵਿਚ ਰੈਣ ਸਬਾਈ ਕੀਰਤਨ

ਜੈਤੋ ਤੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਗੁਰੂ ਅਰਜਨ ਦੇਵ ਕੁਰਾਲੀ ਵਿਖੇ ੨੮ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓਂ ਪੁਜ ਰਹੇ ਹਨ। ਪੁਜ ਕੇ ਲਾਭ ਪ੍ਰਾਪਤ ਕਰੋ ਜੀ।

ਦਾਸਰਾ–ਹਰਿਭਜਨ ਸਿੰਘ, ਖਾਲਸਾ ਨਿਵਾਸ, ੧੨/੧੦੦, ਨੇੜੇ ਬਸ ਸਟੈਂਡ, ਕੁਰਾਲੀ



www.AKJ.Org

## ਜੋਗੀ ਹਰਭਜਨ ਸਿੰਘ ਵਲੋਂ ਅਫਸੋਸ ਅਤੇ ਮੁਆਫ਼ੀ

ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ, ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਵਲੋਂ 22.1.81 ਨੂੰ ਆਪਣੇ ਨਿਵਾਸ ਅਸਥਾਨ ਤੇ ਮੀਟਿੰਗ ਬੁਲਾਈ ਗਈ, ਜਿਸ ਵਿਚ ਹੇਠ ਲਿਖੇ ਸਜਣਾਂ ਨੇ ਭਾਗ ਲਿਆ :–

(੧) ਜੋਗੀ ਹਰਭਜਨ ਸਿੰਘ ਜੀ ਤੇ ਉਹਨਾਂ ਦੀ ਸੰਸਥਾ ਦੇ ਕੁਝ ਮੈਂਬਰ

(੨) ਭਾ: ਜੋਗਿੰਦਰ ਸਿੰਘ ਜੀ ਤਲਵਾੜਾ

(੩) ਭਾ: ਰਾਮ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥਾ ਤੇ ਸੰਸਥਾ ਦੇ ਕੁਝ ਮੈਂਬਰ

(੪) ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ

(੫) ਭਾ: ਅਮ੍ਰੀਕ ਸਿੰਘ ਜੀ ਸਪੁਤਰ ਸਚਖੰਡਵਾਸੀ ਸੰਤ ਕਰਤਾਰ ਸਿੰਘ ਜੀ

ਇਸ ਮੀਟਿੰਗ ਵਿਚ ਸ: ਗੁਰਚਰਨ ਸਿੰਘ ਜੀ ਟੌਹੜਾ ਪ੍ਰਧਾਨ ਸ੍ਰ: ਗੁ: ਪ੍ਰ: ਕਮੇਟੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਮੀਟਿੰਗ ਬੁਲਾਏ ਜਾਣ ਦਾ ਮੰਤਵ ਭਾ: ਜੁਗਿੰਦਰ ਸਿੰਘ ਵਲੋਂ ਉਸ ਦੇ ਵਿਰੁਧ ਜੋਗੀ ਹਰਭਜਨ ਸਿੰਘ ਦੀ ਸੰਸਥਾ ਵਲੋਂ ਲਾਏ ਗਏ ਝੂਠੇ ਦੂਸ਼ਨ ਅਤੇ ਜਾਰੀ ਕੀਤੇ ਗਏ "ਫ਼ੁਰਮਾਨ ਖਾਲਸਾ" ਬਾਰੇ ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਜੀ ਗਈ ਅਪੀਲ ਦਾ ਨਿਪਟਾਰਾ ਕੀਤੇ ਜਾਣਾ ਸੀ।

'ਫੁਰਮਾਨ ਖਾਲਸਾ' ਸੰਬੰਧੀ ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਨੇ ਸਾਰਿਆਂ ਨੂੰ ਦਸਿਆ ਕਿ ਜੋਗੀ ਹਰਭਜਨ ਸਿੰਘ ਜੀ ਨੇ ਫੁਰਮਾਨ ਖਾਲਸਾ ਵਾਪਸ ਲੈ ਲਿਆ ਹੈ ਅਤੇ ਇਸ ਦੇ ਜਾਰੀ ਕੀਤੇ ਜਾਣ ਵਜੋਂ ਅਫਸੋਸ ਪਰਗਟ ਕੀਤਾ ਹੈ।

ਭਾ: ਜੁਗਿੰਦਰ ਸਿੰਘ ਜੀ ਵਿਰੁਧ ਲਾਏ ਗਏ ਦੂਸ਼ਨ ਬਾਰੇ ਜੋਗੀ ਹਰਭਜਨ ਸਿੰਘ ਜੀ ਨੇ ਦੁਖ ਦਾ ਪ੍ਰਗਟਾਵਾ ਕੀਤਾ ਅਤੇ ਭਾਈ ਸਾਹਿਬ ਤੋਂ ਮਾਫੀ ਮੰਗੀ।

---

### ਚੰਡੀਗੜ੍ਹ ਵਿਖੇ ਅਖੰਡਪਾਠ ਅਤੇ ਅਖੰਡ ਕੀਰਤਨ

ਦਾਸ ਦੇ ਗ੍ਰਿਹ ਵਿਖੇ ੨੦-੨੧-੨੨ ਫਰਵਰੀ ਨੂੰ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦਰਸ਼ਨ ਦੇ ਕੇ ਨਿਵਾਜੋ ਜੀ। ਦਾਸਰਾ–ਸਤਨਾਮ ਸਿੰਘ, ਕੋਠੀ ਨੰਬਰ ੨੪੫, ਸੈਕਟਰ ੩੫-ਏ, ਨੇੜੇ ਗੁਰਦਵਾਰਾ ਸਾਹਿਬ, ਚੰਡੀਗੜ੍ਹ

### ਪਿੰਡ ਤੇਂਗ (ਫ਼ਲੌਰ) ਵਿਖੇ ਅਖੰਡਪਾਠ ਅਤੇ ਅਖੰਡ ਕੀਰਤਨ

ਦਾਸ ਦੇ ਗ੍ਰਿਹ ਵਿਖੇ ੨੦-੨੧-੨੨ ਫਰਵਰੀ ਨੂੰ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਹੋ ਰਹੇ ਹਨ। ਸਮੂਹ ਮਾਈ ਭਾਈ ਦਰਸ਼ਨ ਦੇ ਕੇ ਨਿਵਾਜੋ ਜੀ। ਸੰਗਤਾਂ ਨੂੰ ਫਲੌਰ ਤੋਂ ਪਿੰਡ ਲਿਜਾਣ ਲਈ "ਗੁਰੂ ਕੀ" ਸ਼ਾਮ ਨੂੰ ਸਤ ਵਜੇ ਹਾਜ਼ਰ ਹੋਵੇਗੀ। ਦਾਸਰਾ–ਤੇਜਾ ਸਿੰਘ, ਪਿੰਡ 'ਤੇਂਗ, ਤਸੀਲ ਫ਼ਲੌਰ, ਜ਼ਿਲਾ ਜਲੰਧਰ

### ਢੁਡੀਆਂ ਵਾਲਾ (ਕਪੂਰਥਲਾ) ਵਿਖੇ ਅਖੰਡ ਕੀਰਤਨ

ਭਾਈ ਹਰਬੰਸ ਸਿੰਘ ਜੀ ਗੁਬੀ ਬੇਨਤੀ ਕਰਦੇ ਹਨ ਕਿ ਸ਼ਹੀਦੀ ਲੜੀ ਅਨੁਸਾਰ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਯਾਦ ਵਿਚ ੮ ਫਰਵਰੀ ਐਤਵਾਰ ਨੂੰ ਸਵੇਰੇ ੬ ਤੋਂ ੧੨ ਤਕ ਗੁਰਦਵਾਰਾ ਸਾਹਿਬ ਢੁਡੀਆਂ ਵਾਲਾ ਵਿਖੇ ਅਖੰਡ ਕੀਰਤਨ ਹੋਣਗੇ। ਸਮੂਹ ਕੀਰਤਨ-ਪਿਆਰੇ ਆਏ ਦੀਦਾਰ ਬਖਸ਼ੋ ਜੀ। ਦਾਸਰੇ–ਅਖੰਡ ਕੀਰਤਨੀ ਸੰਗਤ, ਢੁਡੀਆਂ ਵਾਲਾ, ਕਪੂਰਥਲਾ

### ਘਲ ਖੁਰਦ (ਫ਼ੀਰੋਜ਼ਪੁਰ) ਵਿਖੇ ਰੈਣ ਸਬਾਈ ਕੀਰਤਨ

੨੧ ਫ਼ਰਵਰੀ ਸ਼ਨੀਵਾਰ ਰਾਤ ਨੂੰ ਪਿੰਡ ਘਲ ਖ਼ੁਰਦ ਦੇ ਗੁਰਦਵਾਰਾ ਸਾਹਿਬ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਇਹ ਪਿੰਡ ਜੀ. ਟੀ. ਰੋਡ ਫ਼ੀਰੋਜ਼ਪੁਰ ਵਾਲੀ ਸੜਕ ਤੇ ਹੈ। ਦੋ ਵਡੀਆਂ ਨਹਿਰਾਂ ਤੋਂ ਦੋ ਕਿਲੋਮੀਟਰ ਹੈ। ਲੋੜ ਅਨੁਸਾਰ ਅੰਮ੍ਰਿਤ-ਸਿੰਚਾਰ ਹੋ ਸਕੇਗਾ। ਪੁੱਛ ਗਿਛ–ਭਾਈ ਨਿਧਾਨ ਸਿੰਘ ਇੰਦਰ ਸਿੰਘ ਗਿਲ ਨਗਰ ਮੋਗਾ

### ਸ੍ਰੀ ਅੰਮ੍ਰਿਤਸਰ ਵਿਖੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ

ਹਰ ਮਹੀਨੇ ਵਾਂਗ ਗੁਰਦਵਾਰਾ ਰਾਮਸਰ ਵਿਖੇ ਸ਼ਹੀਦਾਂ ਦੀ ਯਾਦ ਵਿਚ ੨੧ ਫਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਪ੍ਰਾਪਤ ਕਰਨ।

---

**ਲੇਖਕ ਸਜਣਾਂ ਪਾਸ ਬੇਨਤੀ–**ਆਪ 'ਸੂਰਾ' ਮਾਸਕ ਪੱਤਰ ਲਈ ਜੋ ਕੁਝ ਵੀ ਲਿਖ ਕੇ ਭੇਜੋ, ਪੰਨੇ ਦੇ ਇਕ ਪਾਸੇ ਲਿਖੋ ਅਤੇ ਉਸ ਸਾਰੇ ਸਫੇ ਦਾ ਵੀ ਇਕ ਪਾਸਾ ਚੌਥਾ ਹਿਸਾ ਖ਼ਾਲੀ ਛਡੋ।



www.AKJ.Org

# ਜਥੇਦਾਰ ਮਹਾਂ ਸਿੰਘ ਜੀ

## ਟੂਟੀ ਗਾਢਨਹਾਰ ਗੋਪਾਲ (ਸੁਖਮਨੀ ਸਾਹਿਬ)

[ਵਲੋਂ ਭਾਈ ਕੁਲਵੰਤ ਸਿੰਘ ਪਰਦੇਸੀ, ਬਾੜਮੇਰ, ਰਾਜਸਥਾਨ]

ਤਲਵਾਰਾਂ ਦੀ ਛਾਂ ਹੇਠਾਂ ਸਿਰ ਧੜ ਦੀ ਬਾਜ਼ੀ ਲਗੀ ਹੋਵੇ ਤਾਂ ਵਿਰਲੇ ਹੀ ਸੂਰਮੇ ਆਪਣੇ ਪਿਆਰੇ ਤੋਂ, ਲਟ ਲਟ ਬਲਦੀ ਸ਼ਮ੍ਹਾ ਤੋਂ ਆਪਾ ਕੁਰਬਾਨ ਕਰਦੇ ਹਨ।

ਹਰ ਮਨੁੱਖ, ਹਰ ਵਿਅਕਤੀ, ਹਰ ਮਹਾਂ ਪੁਰਸ਼ ਉਤੇ ਚੰਗਾ ਮੰਦਾ ਸਮਾਂ ਆਉਂਦਾ ਰਹਿੰਦਾ ਹੈ । ਪੰਥ ਦੇ ਵਾਲੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਤੇ ੧੭੦੪ ਈਸਵੀ ਨੂੰ ਅਜਿਹਾ ਬਿਖੜਾ ਸਮਾਂ ਆਇਆ, ਜੋ ਦੁਨੀਆ ਦੇ ਇਤਿਹਾਸ ਵਿਚ ਵੇਖਣ ਨੂੰ ਨਹੀਂ ਮਿਲਦਾ। ਸ੍ਰੀ ਅਨੰਦਪੁਰ ਸਾਹਿਬ ਦੇ ਚੁਗਿਰਦੇ ਅਥਾਹ ਟਿੱਡੀ ਦਲ ਵੈਰੀ ਦੀਆਂ ਫ਼ੌਜਾਂ ਘੇਰਾ ਪਾਈ ਬੈਠੀਆਂ ਹਨ। ਦੂਰ ਦੂਰ ਤਕ ਸਭ ਨਾਕੇ ਬੰਦ ਕੀਤੇ ਹੋਏ ਹਨ। ਕਿਸੇ ਪਾਸਿਓਂ ਵੀ ਰਸਦ ਪਾਣੀ ਅੰਦਰ ਜਾਣ ਨਹੀਂ ਦਿਤਾ ਜਾਂਦਾ। ਪਹਿਲਾਂ ਤਾਂ ਸਿੰਘਾਂ ਦੇ ਛਾਪੇ-ਮਾਰ ਦਸਤੇ ਕਿਲ੍ਹਾ ਅਨੰਦ ਗੜ੍ਹ ਸਾਹਿਬ ਤੋਂ ਨਿਕਲ ਕੇ ਰਾਤ-ਬਰਾਤੇ ਵੈਰੀ ਦਲ ਤੇ ਜਾ ਪੈਂਦੇ ਸਨ ਅਤੇ ਉਨ੍ਹਾਂ ਦੀ ਵਾਦੀ ਕਰਦਿਆਂ ਹੋਇਆਂ ਖਾਣ ਪੀਣ ਦੀਆਂ ਰਸਦਾਂ ਅਤੇ ਸ਼ਸਤਰ ਆਦਿ ਉਨ੍ਹਾਂ ਤੋਂ ਖੋਹ ਲਿਆਂਦੇ ਸਨ। ਅਖ਼ੀਰ ਵੈਰੀ ਇਨ੍ਹਾਂ ਛਾਪੇਮਾਰ ਦਸਤਿਆਂ ਤੋਂ ਤੰਗ ਆ ਕੇ ਕਾਫ਼ੀ ਪਿਛੇ ਹੱਟ ਗਿਆ ਅਤੇ ਦੂਰ ਦੂਰ ਤਕ ਚੌਹੀਂ ਪਾਸੀਂ ਘੇਰਾ ਪਾਈ ਰਖਿਆ। ਵੈਰੀ ਦਲ ਦੀ ਗਿਣਤੀ ਦਸ ਲਖ ਦਸੀ ਜਾਂਦੀ ਹੈ, ਪਰ ਸਿੰਘ ਉਨ੍ਹਾਂ ਦੀ ਗਿਣਤੀ ਦੇ ਮੁਕਾਬਲੇ ਵਿਚ ਆਟੇ 'ਚੋਂ ਲੂਣ ਵੀ ਨਹੀਂ ਸਨ।

ਵੈਰੀ ਦਾ ਇੰਨਾ ਸ਼ਖਤ ਘੇਰਾ ਹੋਣ ਕਾਰਨ ਰਸਦ-ਪਾਣੀ ਦੀ ਅਤਿ ਤੰਗੀ ਹੋ ਗਈ ਅਤੇ ਅਨੰਦਪੁਰ ਸਾਹਿਬ ਵਿਖੇ ਕੁਝ ਵੀ ਖਾਣ ਨੂੰ ਨਹੀਂ ਸੀ ਲਗਦਾ। ਪ੍ਰੋ: ਸਾਹਿਬ ਸਿੰਘ ਜੀ ਆਪਣੀ ਪੁਸਤਕ "ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ" ਵਿਚ ਲਿਖਦੇ ਹਨ–

"ਵੈਰੀ ਨੂੰ ਹੁਣ ਨਵੀਂ ਚਾਲ ਸੁਝੀ। ਉਪਰ-ਵਾਰੋਂ ਨਦੀ ਦਾ ਰੁਖ਼ ਬਦਲ ਦਿੱਤੋ ਨੇ, ਨਗਰ ਵਿਚ ਘਿਰੇ ਹੋਏ ਬੰਦਿਆਂ ਦਾ ਖ਼ੁਰਾਕ ਵਲੋਂ ਇਹ ਹਾਲ ਹੋ ਚੁਕਾ ਸੀ ਕਿ ਰੁੱਖਾਂ ਦੀਆਂ ਛਿਲੜਾਂ ਵੀ ਪੀਹ ਪੀਹ ਕੇ ਮੁਕਾ ਲਈਆਂ ਸਨ। ਪਾਣੀ ਦੀ ਭੀ ਭਾਰੀ ਤੋਟ ਆ ਗਈ।"

ਅਜਿਹੀ ਦਸ਼ਾ ਵਿਚ ਭੁੱਖ ਦੇ ਦੁਖੋਂ ਕਈ ਕਮਜ਼ੋਰ ਦਿਲ ਡੋਲ ਗਏ । ਹਜ਼ੂਰ ਨੂੰ ਕਹਿਣ ਲਗੇ, "ਸਾਥੋਂ ਭੁੱਖਿਆਂ ਤੋਂ ਵੈਰੀ ਦੀ ਤਲਵਾਰ ਅਗੇ ਢਾਲ ਨਹੀਂ ਕੀਤੀ ਜਾ ਸਕਦੀ; ਅਸੀਂ ਆਪਣੇ ਘਰਾਂ ਨੂੰ ਵਾਪਸ ਜਾਣਾ ਚਾਹੁੰਦੇ ਹਾਂ।" ਕਲਗੀਧਰ ਪਾਤਸ਼ਾਹ ਨੇ ਉਨ੍ਹਾਂ ਨੂੰ ਬੜਾ ਸਮਝਾਇਆ ਅਤੇ ਕੁਝ ਦਿਨ ਹੋਰ ਠਹਿਰ ਜਾਣ ਲਈ ਕਿਹਾ। ਪਰ ਉਹ ਨਾ ਮੰਨੇ। ਅੰਤ ਪਾਤਸ਼ਾਹ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਲਿਖ ਦਿਓ ਕਿ 'ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿਖ ਨਹੀਂ।' ਉਹ ਇਹ ਬੇਦਾਵਾ ਲਿਖ ਕੇ, ਬਚਦੇ ਬਚਾਂਦੇ ਘਰਾਂ ਨੂੰ ਪਰਤ ਗਏ।

ਬੇਦਾਵਾ ਲਿਖ ਕੇ ਦੇ ਗਿਆਂ ਨੂੰ ਘਰਾਂ ਵਿਚ ਕੋਈ ਸਤਿਕਾਰ ਨਾ ਮਿਲਿਆ, ਸਗੋਂ ਗੁਰੂ ਤੋਂ ਬੇਮੁਖ ਹੋ ਕੇ ਆਇਆ ਜਾਣ ਕੇ ਉਨ੍ਹਾਂ ਦੀ ਬੇਪਤੀ ਹੋਈ।

ਇਨ੍ਹਾਂ ਬੇਦਾਅਵਾ ਲਿਖਣ ਵਾਲਿਆਂ ਵਿਚ ਇਕ ਸਿੰਘ ਮਹਾਂ ਸਿੰਘ ਸੀ ਜੋ ਰਟੋਲ ਦਾ ਰਹਿਣ ਵਾਲਾ ਸੀ। ਕਈ ਵਿਦਵਾਨਾਂ ਨੇ ਰਟੋਲ ਇਸ ਦਾ ਨਾਨਕਾ ਪਿੰਡ ਲਿਖਿਆ ਹੈ। ਪਿੰਡ ਰਟੋਲ ਵਿਚ ਜਥੇਦਾਰ ਮਹਾਂ ਸਿੰਘ ਦੇ ਨਾਂ ਅਜੇ ਵੀ ੩੦੦ ਵਿਘਾ ਜ਼ਮੀਨ ਦਾ ਇੰਤਕਾਲ ਹੈ ਅਤੇ ਰਟੌਲੀਂ ਵੀ ਆਪ ਦੀ ਯਾਦ ਵਿਚ ਅਸਥਾਨ ਬਣਿਆ ਹੋਇਆ ਹੈ। ਝਬਾਲ ਪਿੰਡ ਦੀ ਵਸਨੀਕ ਮਾਈ ਭਾਗੋ ਨੇ ਭਾਈ ਮਹਾਂ ਸਿੰਘ ਤੇ ਹੋਰ ਸਾਥੀ



www.AKJ.Org

ਸਿੰਘਾਂ ਨੂੰ ਪ੍ਰੇਰ ਕੇ ਵਾਪਸ ਤੋਰਿਆ। ਦੂਜੇ ਪਾਸੇ ਵਜ਼ੀਰ ਖਾਂ ਇਕ ਤਕੜੀ ਫ਼ੌਜ ਲੈ ਕੇ ਗੁਰੂ ਮਹਾਰਾਜ ਦਾ ਪਿੱਛਾ ਕਰਦਾ ਮਾਰੋ ਮਾਰ ਇਧਰ ਆ ਰਿਹਾ ਸੀ। ਇਨ੍ਹਾਂ ਸਿੰਘਾਂ ਨੂੰ ਪਤਾ ਲਗਾ ਤਾਂ ਲਾਲੀਆਂ ਚੜ੍ਹ ਗਈਆਂ ਕਿ ਗੁਰੂ ਮਹਾਰਾਜ ਤੋਂ ਬੇਮੁਖ ਹੋਣ ਦਾ ਕਲੰਕ ਧੋਣ ਲਈ ਇਹ ਚੰਗਾ ਮੌਕਾ ਹੈ। ਉਹ ਸਾਰੇ ਖਿਦਰਾਣੇ ਦੀ ਢਾਬ ਤੇ ਜਾ ਇਕੱਠੇ ਹੋਏ ਅਤੇ ਪਾਣੀ ਦੀ ਨਾਕਾਬੰਦੀ ਕਰ ਕੇ ਸਾਹਮਣੇ ਡਟ ਗਏ। ਵੈਰੀ ਦੇ ਨਾਲ ਬੜਾ ਭਾਰੀ ਜੁਧ ਕੀਤਾ ਅਤੇ ਇਕ ਇਕ ਕਰ ਕੇ ਸਾਰੇ ਸ਼ਹੀਦੀਆਂ ਪਾ ਗਏ। ਸਤਿਗੁਰੂ ਪਾਤਸ਼ਾਹ ਆਪ ਇਸ ਸਮੇਂ ਇਕ ਉਚੀ ਟਿੱਬੀ ਤੇ ਬਿਰਾਜਮਾਨ ਸਨ। ਉਹ ਸਿੰਘਾਂ ਦੇ ਬਹਾਦਰੀ ਦੇ ਕਰਤੱਵ ਵੇਖ ਗਦ ਗਦ ਹੋ ਰਹੇ ਸਨ। ਸਿੰਘਾਂ ਦੀ ਸਹਾਇਤਾ ਲਈ ਉਸ ਟਿੱਬੀ ਤੋਂ ਤੀਰ ਚਲਾ ਚਲਾ ਕੇ ਵੈਰੀਆਂ ਨੂੰ ਚੁਣ ਚੁਣ ਕੇ ਮਾਰ ਰਹੇ ਸਨ। ਅਖ਼ੀਰ ਵੈਰੀ-ਦਲ ਭਾਂਜ ਖਾ ਕੇ ਪਿਛਾਂਹ ਪਰਤ ਗਿਆ।

ਮਹਾਨ ਕੋਸ਼ ਦੇ ਪੰਨਾ ੬੯੯ ਤੇ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ–

"ਚਾਲੀ ਮੁਕਤਿਆਂ ਦੇ ਜਥੇਦਾਰ ਭਾਈ ਮਹਾਂ ਸਿੰਘ ਜੀ–ਸੰਮਤ ੧੭੬੨ ਵਿਚ ਜੋ ਸਿੰਘ ਸ਼ਾਹੀ ਫ਼ੌਜ ਨਾਲ ਮੁਕਤਸਰ ਲੜੇ, ਆਪ ਉਨ੍ਹਾਂ ਵਿਚੋਂ ਸਨ। ਜਦ ਕਲਗੀਧਰ ਨੇ ਮੈਦਾਨਿ ਜੰਗ ਵਿਚ ਸ਼ਹੀਦਾਂ ਦੇ ਸਰੀਰ ਉਠਵਾਏ ਤਦ ਮਹਾਂ ਸਿੰਘ ਜੀ ਵਿਚ ਕੁਝ ਪ੍ਰਾਣ ਸਨ। ਦਸਮੇਸ਼ ਜੀ ਨੇ ਆਪਣੇ ਰੁਮਾਲ ਨਾਲ ਮਹਾਂ ਸਿੰਘ ਜੀ ਦਾ ਮੁਖ ਸਾਫ਼ ਕੀਤਾ ਅਤੇ ਜਲ ਛਕਾਇਆ। ਜਦ ਮਹਾਂ ਸਿੰਘ ਜੀ ਦੀ ਮੂਰਛਾ ਖੁਲ੍ਹੀ ਤਾਂ ਕਲਗੀਧਰ ਜੀ ਨੇ ਫੁਰਮਾਇਆ, ਵਰ ਮੰਗ। ਮਹਾਂ ਸਿੰਘ ਨੇ ਅਰਜ਼ ਕੀਤੀ ਕਿ ਜੇ ਤੁੱਠੇ ਹੋ ਤਾਂ 'ਸੰਗਤਿ' ਦਾ "ਬੇਦਾਵਾ-ਪਤ੍ਰ" ਪਾੜ ਕੇ ਟੁਟੀ ਗੰਢੋ, ਹੋਰ ਕੋਈ ਵਾਸ਼ਨਾ ਨਹੀਂ। ਜਗਤ-ਗੁਰੂ ਨੇ ਧੰਨ ਸਿੱਖ, ਧੰਨ ਸਿੱਖੀ ਕਹਿੰਦੇ ਹੋਏ ਬੇਦਾਵਾ-ਪਤ੍ਰ ਮਹਾਂ ਸਿੰਘ ਨੂੰ ਦਿਖਾ ਕੇ ਚਾਕ ਕਰ ਦਿਤਾ। ਮਹਾਂ ਸਿੰਘ ਜੀ ਗੁਰੂ ਜੀ ਦੇ ਦਰਸ਼ਨ ਕਰਦੇ ਹੋਏ ਗੁਰਪੁਰੀ ਨੂੰ ਪਧਾਰੇ। ਕਲਗੀਧਰ ਨੇ ਆਪਣੇ ਹੱਥੀਂ ਮੁਕਤੇ ਵੀਰਾਂ ਦਾ ਸਸਕਾਰ ਕੀਤਾ। ਸ਼ਹੀਦ ਗੰਜ ਮੁਕਤਸਰ ਦੇ ਕਿਨਾਰੇ ਵਿਦਯਮਾਨ ਹੈ। ਪਹਿਲਾਂ ਇਸ ਤਾਲ ਦਾ ਨਾਂ ਖਿਦਰਾਣਾ ਸੀ।"

ਅਗੇ ਜਾ ਕੇ ਪੰਨਾ ੭੩੪ ਤੇ ਭਾਈ ਕਾਨ੍ਹ ਸਿੰਘ ਜੀ 'ਮੁਕਤਸਰ' ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ–
"ਕਲਗੀਧਰ ਨੇ ਸ਼ਹੀਦ ਸਿੰਘਾਂ ਨੂੰ ਮੁਕਤੀ ਬਖਸ਼ ਕੇ ਤਾਲ ਦਾ ਨਾਮ "ਮੁਕਤਸਰ" ਰਖਿਆ।......ਇਸ ਥਾਂ ਇਤਨੇ ਗੁਰਦਵਾਰੇ ਹਨ–

(ੳ) ਸ਼ਹੀਦ ਗੰਜ–ਇਥੇ ਕਲਗੀਧਰ ਨੇ ਚਾਲੀ ਮੁਕਤੇ ਅਤੇ ਹੋਰ ਸਿੰਘ ਸ਼ਹੀਦਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਹੈ।

(ਅ) ਟਿੱਬੀ ਸਾਹਿਬ–ਸ਼ਹਿਰ ਤੋਂ ਅੱਧ ਮੀਲ ਉਤਰ ਪਛਮ ਉਹ ਟਿੱਬੀ, ਜਿਥੋਂ ਕਲਗੀਧਰ ਜੀ ਤੁਰਕੀ ਸੈਨਾ ਪੁਰ ਬਾਣ-ਵਰਖਾ ਕਰਦੇ ਰਹੇ।

(ੲ) ਤੰਬੂ ਸਾਹਿਬ–ਜਿਥੇ ਸਿੰਘਾਂ ਦਾ ਕੈਂਪ ਸੀ।

(ਸ) ਵਡਾ ਦਰਬਾਰ, ਜਿਥੇ ਗੁਰੂ ਸਾਹਿਬ ਵਿਰਾਜੇ ਸਨ। ਗੁਰਦਵਾਰਾ ਸਰੋਵਰ ਦੇ ਕਿਨਾਰੇ ਸੁੰਦਰ ਬਣਿਆ ਹੋਇਆ ਹੈ।......ਇਸ ਗੁਰਧਾਮ ਪੁਰ ਹਰ ਸਾਲ ਮਾਘੀ ਨੂੰ ਭਾਰੀ ਮੇਲਾ ਭਰਦਾ ਹੈ। ਮੁਕਤਸਰਬੀ.ਬੀ.ਐਂਡ ਸੀ.ਆਈ.ਰੇਲਵੇ ਦਾ ਸਟੇਸ਼ਨ ਹੈ ਤੇ ਕੋਟ ਕਪੂਰਾ ਜੰਕਸ਼ਨ ਤੋਂ ਵੀਹ ਮੀਲ ਹੈ।"

---


## ਮਾਸਕ ਰੈਣ ਸਬਾਈ ਦਿਆਲਪੁਰਾ (ਲੁਧਿਆਣਾ) ਵਿਖੇ

੭ ਫਰਵਰੀ ੯੧ ਸ਼ਨੀਵਾਰ ਰਾਤ ਨੂੰ ਪਿੰਡ ਦਿਆਲਪੁਰਾ ਭਾਈ ਉਜਾਗਰ ਸਿੰਘ ਜੀ ਦੇ ਗ੍ਰਹਿ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖਸ਼ੋ ਤੇ ਲਾਹੇ ਪ੍ਰਾਪਤ ਕਰੋ ਜੀ।–ਪਿੰਡ ਦਿਆਲਪੁਰਾ ਸਮਰਾਲਾ ਤੋਂ ਚੰਡੀਗੜ੍ਹ ਰੋਡ ਤੇ ਕੇਵਲ ਡੇਢ ਮੀਲ ਹੈ। ਸੰਗਤਾਂ ਨੂੰ ਲਿਜਾਣ ਲਈ ਸਾਢੇ ਸਤ ਵਜੇ ਸ਼ਾਮ ਗੁਰਦਵਾਰਾ ਸਾਹਿਬ ਸਮਰਾਲਾ ਤੋਂ ਟਰਾਲੀ ਚਲੇਗੀ। ਪੁਛ-ਗਿਛ–ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾਕ ਘਰ ਲੌਹਟਬਦੀ (ਸੰਗਰੂਰ)





www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਯੂ. ਕੇ. ਦੇ ਪਹਿਲੇ ਦੋ ਪਾਠਕਾਂ ਦੇ ਸਾਢੇ ਛੇ ਛ ਸੌ ਰੁਪਏ ਅਤੇ ਬਾਕੀ ਸਭ ਦੇ ਸੌ ਸੌ ਰੁਪਏ ਪੁਜੇ ਹਨ। ਸਭ ਦੀਆਂ ਬੈਂਕ ਤੋਂ ਬਣੀਆਂ ਐਫ਼ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ :–

| | | | |
|---|---|---|---|
| 748. ਸ: ਮਦਨ ਸਿੰਘ U. K. | (ਚਿਟ ਨੰ: 2066) | 170563/67/81 | ਮਿਤੀ 23. 1. 81 |
| 749. ਸ: ਕਾਬਲ ਸਿੰਘ U.K. | ( ,, 2157) | 170564/68/81 | ,, |
| 750. ਭਾ: ਨਿਰੰਜਨ ਸਿੰਘ ਚੰਡੀਗੜ੍ਹ | ( ,, 3750) | 170565/69/81 | ,, |
| 751. ਸ: ਮਹਿੰਦਰ ਸਿੰਘ ਫਰੀਦਾਬਾਦ | ( ,, 3751) | 170566/70/81 | ,, |
| 752. ਭਾ: ਨਿਰੰਤਰ ਸਿੰਘ ਬੀਬੀ ਪ੍ਰਕਾਸ਼ ਕੌਰ | ( ,, 3752) | 170567/71/81 | ,, |
| 753. ਸਕੱਤਰ ਗੁ: ਸਿੰਘ ਸਭਾ ਅਲਾਹਾਬਾਦ | ( ,, 3753) | 170568/72/81 | ,, |
| 754. ਸ: ਅਵਤਾਰ ਸਿੰਘ ਨਵੀਂ ਦਿੱਲੀ | ( ,, 3754) | 170569/73/81 | ,, |
| 755. ਸ: ਨਰਿੰਦਰ ਸਿੰਘ ਨਵੀਂ ਦਿੱਲੀ | ( ,, 3755) | 170570/74/81 | ,, |
| 756. ਸ: ਪਰਮਜੀਤ ਸਿੰਘ ਇੰਫਲ | ( ,, 3756) | 170571/75/81 | ,, |
| 757. ਸ: ਜਸਪਾਲ ਸਿੰਘ ਸੱਗੂ ਭੁਪਾਲ | ( ,, 3757) | 170572/76/81 | ,, |
| 758. ਸ: ਮਨਜੀਤ ਸਿੰਘ ਜਬਲਪੁਰ | ( ,, 3758) | 170573/77/81 | ,, |
| 759. ਸ: ਕਿਸ਼ਨ ਸਿੰਘ ਰੀਹਲ ਹੁਸ਼ਿਆਰਪੁਰ | ( ,, 3759) | 170574/78/81 | ,, |
| 760. ਸ: ਹਰਸਿਮਰਜੀਤ ਸਿੰਘ ਜਤਿੰਦਰ ਸਿੰਘ | ( ,, 3760) | 170575/79/81 | ,, |
| 761. ਸ: ਹਰਬੀਰ ਸਿੰਘ ਲੁਧਿਆਣਾ | ( ,, 3761) | 170576/80/81 | ,, |
| 762. ਸ: ਮੋਹਨ ਸਿੰਘ ਐਡਵੋਕੇਟ | ( ,, 3762) | 170577/81/81 | ,, |
| 763. ਮਿਸਤ੍ਰੀ ਅਮਰ ਸਿੰਘ ਖਟੜਾ ਹਾਰਮ | ( ,, 3763) | 170578/82/81 | ,, |
| 764. ਬੀਬੀ ਹਰਿੰਦਰ ਕੌਰ ਲੁਧਿਆਣਾ | ( ,, 3764) | 170579/83/81 | ,, |
| 765. ਮਾ: ਬਲਦੇਵਸਿੰਘਸਪੁਤਰ ਗਿ:ਦਲੀਪਸਿੰਘ | ( ,, 3765) | 170580/84/81 | ,, |
| 766. ਸ: ਅਜੀਤ ਸਿੰਘ ਇੰਫਲ | ( ,, 3766) | 170581/85/81 | ,, |
| 767. ਸ: ਹਰਬੰਸ ਸਿੰਘ ਲੁਧਿਆਣਾ | ( ,, 3767) | 170582/86/81 | ,, |
| 768. ਗੁਰਦਵਾਰਾ ਸਾਹਿਬ 362 Sig | ( ,, 3768) | 170583/87/81 | ,, |
| 769. ਸ: ਹਰਚਰਨ ਸਿੰਘ ਸੀਨੀਅਰ ਮੈਨੇਜਰ | ( ,, 3769) | 170584/88/81 | ,, |
| 770. ਸ: ਸਜਨ ਸਿੰਘ ਕੂਮ ਕਲਾਂ | ( ,, 3770) | 170585/89/81 | ,, |

**ਰਿਸ਼ਤੇ ਨਾਤੇ:-** ਲੋੜਵੰਦ ਸਜਣ ਚਿਠੀ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਲਿਖਣ ਅਤੇ ਲਫਾਫੇ ਦੇ ਬਾਹਰ ਫ਼ਾਰਮ ਨੰਬਰ ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬੱਚਿਆ ਲਈ ਹੀ ਚਿਠੀ ਪੱਤਰ ਕਰੋ।

ਫ਼ਾਰਮ ਨੰ: 123 :–ਇਕ 24 ਸਾਲਾ ਅੰਮ੍ਰਿਤਧਾਰੀ ਬੀਬੀ, ਕਦ 5 ਫੁਟ, M. A. (Ecnom), ਕੀਰਤਨੀ, ਅਖੰਡਪਾਠੀ, ਨਿਤਨੇਮੀ, ਲਈ ਯੋਗ ਗੁਰਸਿਖ, ਅਫਸਰ ਜਾਂ ਚੰਗਾ ਕਾਰ ਵਿਹਾਰੀ, ਵਰ ਦੀ ਲੋੜ ਹੈ।

ਫ਼ਾਰਮ ਨੰ: 124 :–ਇਕ 24 ਸਾਲਾ ਅੰਮ੍ਰਿਤਧਾਰੀ ਬੀਬੀ, B.A. ਪਾਸ, ਕਦ 5' 1", ਪੂੰਜ ਬਾਣੀ ਨਿਤਨੇਮੀ, ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: 125 :–ਇਕ 27 ਸਾਲਾ ਤਿਆਰ-ਬਰ-ਤਿਆਰ ਸਿੰਘ, ਕਦ 5' 10" B. A. ਪਾਸ, ਬੈਂਕ ਵਿਚ ਨੌਕਰੀ, ਮਾਸਕ ਆਮਦਨ ਇਕ ਹਜ਼ਾਰ ਰੁਪਏ ਲਈ ਘਟੋ ਘਟ B.A. ਪਾਸ, ਕਦ 5' 3", ਸਰਕਾਰੀ ਸਕੂਲ ਵਿਚ ਅਧਿਆਪਕ ਨੂੰ ਪਹਿਲ, ਤੇ ਯੋਗ ਨਾਤੇ ਦੀ ਲੋੜ ਹੈ।

ਫ਼ਾਰਮ ਨੰ: 126 :–ਇਕ 25 ਸਾਲਾ ਅੰਮ੍ਰਿਤਧਾਰੀ ਸਿੰਘ, ਕਦ 5' 6", ਵਿਦਿਆ ਸਤਵੀਂ, ਅਖੰਡਪਾਠੀ, ਗ੍ਰੰਥੀ ਸੇਵਾ, ਆਮਦਨ 500 ਰੁਪਏ ਮਾਸਕ, ਲਈ ਕੇਸਕੀ ਸਹਿਤ, ਅਖੰਡਪਾਠੀ ਪੜ੍ਹੀ ਲਿਖੀ ਤੇ ਯੋਗ ਨਾਤੇ ਦੀ ਲੋੜ ਹੈ।

ਫ਼ਾਰਮ ਨੰ: 127 :–ਇਕ 24 ਸਾਲਾ *B. A., J. B. T.*, ਗਿਆਨੀ ਤੇ *M. A.* ਕਰ ਰਹੀ ਬੀਬੀ ਲਈ ਚੰਗੀ ਸਰਵਿਸ ਵਾਲੇ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ 128 :–ਇਕ 25½ ਸਾਲਾ ਅੰਮ੍ਰਿਤਧਾਰੀ, ਨਿਤਨੇਮੀ ਸਿੰਘ, ਕਦ 5' 6" ਗਿਆਨੀ, ਸਰਕਾਰੀ ਸਰਵਿਸ, ਮਾਸਕ ਆਮਦਨ 575/- ਲਈ ਕੇਸਕੀ ਸਹਿਤ ਯੋਗ ਬੀਬੀ ਦੀ ਲੋੜ ਹੈ।

www.AKJ.Org

## ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸਾਲਾਨਾ ਅਖੰਡ ਕੀਰਤਨ

### ੧੨ ਤੋਂ ੧੫ ਫ਼ਰਵਰੀ ਐਤਵਾਰ ਸਵੇਰ ਤਕ–ਰੈਣ ਸਬਾਈ ੧੪ ਫ਼ਰਵਰੀ ਰਾਤ ਨੂੰ

ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਪਟਿਆਲਾ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪੁਜ ਰਹੇ ਹਨ। ਹੇਠ ਲਿਖੇ ਪ੍ਰੋਗਰਾਮ ਅਨੁਸਾਰ ਰਸ-ਭਿੰਨੇ ਕੀਰਤਨ ਤੇ ਸ੍ਰੀ ਅਖੰਡਪਾਠ ਦੇ ਪ੍ਰਵਾਹ ਚਲ ਰਹੇ ਹਨ–

12 ਫ਼ਰਵਰੀ ਸਵੇਰੇ ਅਰੰਭ ਸ੍ਰੀ ਅਖੰਡਪਾਠ ਗੁਰੂ ਤੇਗ ਬਹਾਦਰ ਨਿਵਾਸ ਅਸਥਾਨ (ਗੁ: ਦੂਖ ਨਿਵਾਰਨ ਸਾਹਿਬ ਵਿਖੇ)।
13 ਫ਼ਰਵਰੀ ਸਵੇਰੇ ਅਤੇ ਸ਼ਾਮ ਹਜ਼ੂਰੀ ਕੀਰਤਨ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ
14 ਫ਼ਰਵਰੀ ਸਵੇਰੇ ਸਮਾਪਤੀ ਸ੍ਰੀ ਅਖੰਡਪਾਠ, ਉਪਰੰਤ ਹਜ਼ੂਰੀ ਕੀਰਤਨ 5 ਤੋਂ 1 ਵਜੇ ਦੁਪਹਿਰ ਤਕ
ਸ਼ਾਮ 4 ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ
ਰਾਤ 7 ਵਜੇ ਅਰੰਭ ਰੈਣ ਸਬਾਈ ਕੀਰਤਨ, ਸਮਾਪਤੀ 15 ਫ਼ਰਵਰੀ ਐਤਵਾਰ ਸਵੇਰੇ 9 ਵਜੇ

ਰਿਹਾਇਸ਼ ਲੰਗਰ ਆਦਿ ਦੂਖ ਨਿਵਾਰਨ ਸਾਹਿਬ ਵਿਖੇ। ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਓ ਜੀ।

ਦਰਸ਼ਨ ਅਭਿਲਾਖੀ–ਅਖੰਡ ਕੀਰਤਨੀ ਜਥਾ, ਪਟਿਆਲਾ

---

## ਹੋਲਾ ਮਹੱਲਾ ਸਾਲਾਨਾ ਅਖੰਡ ਕੀਰਤਨ ਪ੍ਰੋਗਰਾਮ ਸ੍ਰੀ ਅਨੰਦਪੁਰ ਸਾਹਿਬ

### *20–21 ਮਾਰਚ ਵੇਰਵਾ ਪ੍ਰੋਗਰਾਮ ਆਉਂਦੇ ਪਰਚੇ ਵਿਚ*

---

## ਲੁਧਿਆਣਾ ਅਖੰਡ ਕੀਰਤਨ ਜਥਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਸ੍ਰੀ ਅੰਮ੍ਰਿਤਸਰ ਵਿਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ ਹਰ ਮੰਗਲਵਾਰ ਸ਼ਾਮ ਨੂੰ ਦੋ ਢਾਈ ਘੰਟੇ ਕੀਰਤਨ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋ ਰਹੇ ਹਨ :–

3 ਫਰਵਰੀ ਗੁ: ਸਾਹਿਬ ਧਮੋਟ, 10 ਫਰਵਰੀ ਗੁ: ਸਾਹਿਬ ਚੌਂਕੀਮਾਨ (ਨੇੜੇ ਜਗਰਾਉਂ),
17 ,, ਗੁ: ਸਾਹਿਬ ਨੂਰਪੁਰ (ਨੇੜੇ ਹਲਵਾਰਾ), 24 ਫਰਵਰੀ ਸੈਂਟਰਲ ਗੁ: ਸਾਹਿਬ ਕੋਕਰੀ ਕਲਾਂ (ਨੇੜੇ ਅਜਿਤਵਾਲ)

ਪ੍ਰਾਰਥਕ ਦਾਸਰਾ–ਦਰਸ਼ਨ ਸਿੰਘ (ਡਾ:), 8/9 ਖੇਤੀ ਯੂਨੀਵਰਸਿਟੀ, ਲੁਧਿਆਣਾ

---

## ਫ਼ੀਰੋਜ਼ਪੁਰ ਸ਼ਹਿਰ ਵਿਖੇ ਕੀਰਤਨ ਰੈਣ ਸਬਾਈ

ਸੰਗਤਾਂ ਦੀ ਸੇਵਾ ਵਿਚ ਜੋਦੜੀ ਹੈ ਕਿ ਦਾਸ ਦੇ ਗ੍ਰਿਹ ਵਿਖੇ 28 ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਕੀਰਤਨ ਦੇ ਲਾਹੇ ਪ੍ਰਾਪਤ ਕਰੋ ਤੇ ਦਾਸਰੇ ਨੂੰ ਨਿਵਾਜੋ ਜੀ।

ਦਾਸਰਾ–ਬਲਵੰਤ ਸਿੰਘ ਖਾਲਸਾ, ਗਲੀ ਨੰ: 2, ਖਾਲਸਾ ਨਿਵਾਸ, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

---

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

TITLE : NAVKETAN PRESS, AMRITSAR.

www.AKJ.Org